1920 ਤੋਂ


੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸਤਿ ਜੁਗ

ਜਿਲਦ 101
ਨੰਬਰ 8

੧੯ ਜੇਠ ਤੋਂ ੧ ਹਾੜ ੨੦੭੮ ਬਿ.
1 to 15 June 2021




10/-

## ਭਾਈ ਕਨ੍ਹਈਆ ਆਸ਼ਰਮ ਸਿਰਸਾ ਵਿਖੇ ਸੈਮੀਨਾਰ (ਸਤਿਗੁਰੂ ਰਾਮ ਸਿੰਘ ਬਾਰੇ) ਕਰਵਾਇਆ ਗਿਆ।



ਭਾਈ ਕਨ੍ਹਈਆ ਆਸ਼ਰਮ ਦੇ ਮੁੱਖੀ ਗੁਰਵਿੰਦਰ ਸਿੰਘ ਹੁਰਾਂ ਨੂੰ ਸੇਵਕ ਰਛਪਾਲ ਸਿੰਘ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਲੋਗੋ ਦਿੰਦੇ ਹੋਏ




ਸੈਮੀਨਾਰ ਦੌਰਾਨ ਅਰਜਨ ਸਿੰਘ ਆਜ਼ਾਦ ਸੰਬੋਧਿਤ ਹੁੰਦੇ ਹੋਏ। ਖੱਬਿਓ ਸੱਜੇ- ਵੀਰੇਂਦਰ ਭਾਟੀਆ, ਪ੍ਰਿੰ. ਹਰਭਗਵਾਨ ਚਾਵਲਾ, ਸੁਵਰਨ ਸਿੰਘ ਵਿਰਕ, ਪ੍ਰਦੀਪ ਕੁਮਾਰ (D.C ਸਿਰਸਾ), ਹਰਪਾਲ ਸਿੰਘ ਸੇਵਕ ਤੇ ਰਛਪਾਲ ਸਿੰਘ ਸੇਵਕ।

ਵਧੇਰੇ ਜਾਣਕਾਰੀ ਲਈ ਪੜ੍ਹੋ ਸਫ਼ਾ ਨੰ. 38

# ਸਤਿਜੁਗ

੧੯ ਜੇਠ ਤੋਂ ੧ ਹਾੜ ੨੦੭੮ ਬਿ.

1 ਤੋਂ 15 ਜੂਨ 2021 ਈ.

ਜਿਲਦ 101, ਨੰਬਰ 8

**ਸਤਿਜੁਗ**: ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
ਹਾਕਮ ਸਿੰਘ
ਤਰਨ ਬੱਲ



**ਪੱਤਰ ਵਿਹਾਰ ਦਾ ਪਤਾ:**
ਸਤਿਜੁਗ, ਗੁਰਦੁਆਰਾ ਸ੍ਰੀ ਭੈਣੀ ਸਾਹਿਬ
ਲੁਧਿਆਣਾ, ਪੰਜਾਬ-141126
ਸੰਪ: 98550-58178, 98155-75099

**ਸਤਿਜੁਗ ਨਾ ਪਹੁੰਚਣ ਸੰਬੰਧੀ:**
89267-83000
***Email- Satjug@sribhainisahib.com***


# ਤਤਕਰਾ


* ਸੰਪਾਦਕੀ- ਪਵਣੁ ਗੁਰੂ
  ਭਜਨ ਸਿੰਘ........................................4
* ਗੁਰਬਾਣੀ ਵਿਆਖਿਆ......................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.........................8
* ਸੁਰ, ਲੈਅ, ਤਾਲ ਦੇ ਸਿੱਧ-ਹਸਤ : ਪੰ. ਰਾਜਨ ਮਿਸ਼ਰਾ
  ਹਰਪਾਲ ਸਿੰਘ ਸੇਵਕ..............................10
* ਕਿਸਾਨ ਕਾਫ਼ਲਾ : ਜਾਗਰੂਕਤਾ ਦਾ ਸਫ਼ਰ
  ਮਾਲਵਿੰਦਰ ਮਾਨ..................................14
* ਸਤਿਗੁਰੂ ਜਗਜੀਤ ਸਿੰਘ : ਉਸਤਤ ਕਾਵਿ (ਭੂਮਿਕਾ)
  ਡਾ. ਹਰਮਹਿੰਦਰ ਸਿੰਘ ਬੇਦੀ........................18
* ਸਾਹੇਬ, ਚੁਲੂ ਬਰ ਪਾਨੀ
  ਅਮਨਦੀਪ ਹਾਂਸ..................................22
* ਮੇਰਾ ਸੁਪਨਾ ਸੱਚ ਹੋ ਗਿਆ
  ਹਰਪਾਲ ਸਿੰਘ ਸੇਵਕ..............................26
* ਬਾਡੀ ਬਿਲਡਰ : ਕਿਸ਼ਨ ਸਿੰਘ
  ਜਸਵੰਤ ਸਿੰਘ ਮਸਤ..........................27
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................29
* A Saga of Sri Satguru Jagjit Singh ji
  Dr. Sharada Jayagovind .........................33
* ਕਵਿਤਾ- ਮਾਂ...............................................35
* ਸੁੱਚੇ ਮੋਤੀ.................................................36
* ਬੱਚਿਆਂ ਦਾ ਪੰਨਾ...........................................37
* ਖ਼ਬਰਨਾਮਾ.................................................38



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਤੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਪਵਣੁ ਗੁਰੂ

ਜੇ ਸਾਡੇ ਗੁਰੂਆਂ ਨੇ ਧਰਤੀ ਨੂੰ ਮਾਤਾ, ਪਾਣੀ ਨੂੰ ਪਿਤਾ ਆਖਿਆ ਹੈ ਤਾਂ ਹਵਾ ਨੂੰ ਗੁਰੂ ਕਿਹਾ ਹੈ। 'ਗੁਰੂ' ਇਸ ਕਰਕੇ ਕਿ ਅਜੇ ਮਨੁੱਖ ਅੰਨ ਤੇ ਪਾਣੀ ਤੋਂ ਬਿਨਾਂ ਤਾਂ ਕੁਝ ਦਿਨ ਜੀਅ ਸਕਦਾ ਹੈ ਪਰ ਹਵਾ ਬਿਨਾਂ ਕੁਝ ਮਿੰਟਾਂ 'ਚ ਹੀ ਕਹਾਣੀ ਖ਼ਤਮ ਹੋ ਜਾਵੇਗੀ। ਗੁਰਬਾਣੀ ਵਿੱਚ ਦਰਜ ਹੈ-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਪਉਣੁ ਗੁਰੂ ਪਾਣੀ ਪਿਤਾ ਜਾਤਾ॥

ਪਰ ਮਨੁੱਖ ਜਾਤੀ ਨੇ ਆਪਣੇ ਮਾਤਾ, ਪਿਤਾ ਅਤੇ ਗੁਰੂ ਦਾ ਵੀ ਆਦਰ ਨਹੀਂ ਕੀਤਾ। ਕਿਸੇ ਦੀ ਵੀ ਸੰਭਾਲ ਨਹੀਂ ਕੀਤੀ। ਨਿੱਜੀ ਧਨ-ਪ੍ਰਾਪਤੀ ਦੀ ਹੋੜ ਨੇ ਮਨੁੱਖ ਦੀ ਸਮਝ ਨੂੰ ਦੂਸ਼ਿਤ ਕਰ ਦਿੱਤਾ ਹੈ। ਫਿਰ ਇਸ ਦੂਸ਼ਿਤ ਸੋਚ ਵਾਲੇ ਮਨੁੱਖ ਨੇ ਸੜਕਾਂ, ਫੈਕਟਰੀਆਂ, ਘਰਾਂ ਆਦਿ ਦੇ ਨਿਰਮਾਣ ਦੌਰਾਨ ਰੁੱਖਾਂ ਵੱਲੋਂ ਉੱਕਾ ਹੀ ਬੇਧਿਆਨੀ ਕਰ ਦਿੱਤੀ। ਜੰਗਲ ਖ਼ਤਮ ਕਰਕੇ ਸ਼ਹਿਰ, ਫੈਕਟਰੀਆਂ ਉਸਾਰ, ਉਹਨੂੰ ਮਨੁੱਖੀ ਵਿਕਾਸ ਦਾ ਨਾਮ ਦੇਣਾ ਸ਼ੁਰੂ ਕੀਤਾ। ਇਸ ਵਿਕਾਸ ਵਿੱਚ ਜੰਗਲ ਖ਼ਤਮ ਹੋਣੇ ਸ਼ੁਰੂ ਹੋਏ, ਪਿੰਡ ਘਟੇ ਤੇ ਸ਼ਹਿਰਾਂ ਦੀ ਆਬਾਦੀ ਵਧਣੀ ਸ਼ੁਰੂ ਹੋ ਗਈ। ਸ਼ਹਿਰ ਵੀ ਐਸੇ, ਜਿੱਥੇ ਸਿਰਫ਼ ਤੇ ਸਿਰਫ਼ ਬਿਲਡਿੰਗਾਂ ਹੀ, ਰੁੱਖਾਂ ਦੀ ਬਿਲਕੁਲ ਗ਼ੈਰ ਹਾਜ਼ਰੀ।

ਭਾਵੇਂ ਭਾਰਤੀ ਸੱਭਿਅਤਾ ਦਾ ਵਿਕਾਸ ਜੰਗਲ ਵਿਚੋਂ ਹੋਇਆ। ਇਸ ਦੇ ਉਲਟ ਯੂਰਪੀਨ ਸੱਭਿਅਤਾ ਦੇ ਪ੍ਰੇਰਨਾ ਸਰੋਤ ਸ਼ਹਿਰ ਬਣੇ। ਜਿੱਥੇ ਉਨ੍ਹਾਂ ਆਪਣੀਆਂ ਵਧਦੀਆਂ ਲੋੜਾਂ ਮੁਤਾਬਕ ਆਪਣੀਆਂ ਇਮਾਰਤਾਂ ਦੀ ਉਚਾਈ ਵਧਾਈ। ਪਰ ਭਾਰਤੀ ਸੱਭਿਅਤਾ ਜੰਗਲਾਂ ਵਿੱਚੋਂ ਜੰਮੀ, ਵਧੀ, ਫੈਲੀ। ਇੱਥੇ ਮਨੁੱਖ ਨਾਲ ਮਨੁੱਖ ਖਹਿ ਕੇ ਨਹੀਂ ਸੀ ਰਹਿੰਦਾ, ਸਗੋਂ ਮਨੁੱਖ ਨੂੰ ਰੁੱਖ, ਬੂਟੇ, ਫੁੱਲ, ਪੱਤੇ, ਪਸ਼ੂ, ਪੰਛੀ, ਨਦੀਆਂ, ਝੀਲਾਂ, ਸਰੋਵਰਾਂ ਤੇ ਦਰਿਆਵਾਂ ਦਾ ਸਾਥ ਮਿਲਿਆ। ਇਸ ਮਨੁੱਖ ਕੋਲ ਹਵਾ, ਪਾਣੀ, ਧਰਤੀ ਬਹੁਤ ਸਵੱਛ ਸੀ ਪਰ ਸਮੇਂ ਨਾਲ ਵਧੇਰੇ ਪੈਦਾਵਰੀ ਦੇ ਲਾਲਚ ਵਿੱਚ ਮਨੁੱਖ ਨੇ ਧਰਤੀ ਨੂੰ ਜ਼ਹਿਰੀਲੀ ਬਣਾ ਲਿਆ। ਉਦਯੋਗਿਕ ਧੰਦਿਆਂ ਵਿੱਚੋਂ ਪ੍ਰਾਪਤ ਪੈਸੇ ਦੀ ਹੋੜ ਨੇ ਹਵਾ ਦਾ ਧਿਆਨ ਰੱਖਣੋਂ ਅਵੇਸਲਿਆਂ ਕਰ ਦਿੱਤਾ। ਹੁਣ ਜਦੋਂ ਅਸੀਂ ਸਾਲਾਂ ਦੇ ਵਕਫ਼ੇ ਬਾਅਦ ਵੇਖ ਰਹੇ ਹਾਂ ਕਿ ਸਾਡੇ ਪਾਣੀ, ਹਵਾ ਤੇ ਧਰਤੀ ਵਿੱਚ ਜ਼ਹਿਰ ਘੁਲ ਗਿਆ ਹੈ। ਪਿਛਲੇ ਸਾਲ ਇਨ੍ਹਾਂ ਦਿਨਾਂ ਦੌਰਾਨ ਹੀ ਕੋਰੋਨਾ ਕਰਕੇ ਲੱਗੇ ਲੌਕਡਾਊਨ ਨਾਲ ਅਸੀਂ ਆਪਣੇ ਆਸਮਾਨ ਨੂੰ ਪਹਿਲਾਂ ਦੇ ਮੁਕਾਬਲੇ ਸਾਫ਼ ਵੇਖਿਆ ਸੀ ਕਿਉਂਕਿ ਗੱਡੀਆਂ, ਫੈਕਟਰੀਆਂ ਆਦਿ ਦਾ ਧੂੰਆਂ ਬਿਲਕੁਲ ਖ਼ਤਮ ਸੀ।

ਅਜੋਕੇ ਮਨੁੱਖ ਲਈ ਸ਼ੁੱਧ ਹਵਾ (ਆਕਸੀਜਨ) ਬਹੁਮੁੱਲੀ ਹੁੰਦੀ ਜਾ ਰਹੀ ਹੈ। ਕੁਝ ਸਾਲ ਪਹਿਲਾਂ ਸੁਣਦੇ ਸੀ ਕਿ ਜਿਵੇਂ ਮਨੁੱਖ ਨੂੰ ਪਾਣੀ ਮੁੱਲ ਮਿਲਦਾ ਹੈ, ਸ਼ਾਇਦ ਪ੍ਰਦੂਸ਼ਣ ਕਰਕੇ ਹਵਾ ਵੀ ਮੁੱਲ ਮਿਲਿਆ ਕਰੇ ਪਰ ਹੁਣ ਅਸੀਂ ਵੇਖ ਰਹੇ ਹਾਂ ਕਿ ਕਿਵੇਂ

ਲੋਕਾਂ ਦੀ ਆਕਸੀਜਨ ਦੀ ਥੁੜ ਖੁਣੋਂ ਹਸਪਤਾਲਾਂ ਵਿੱਚ ਸਾਹਾਂ ਦੀ ਲੜੀ ਟੁੱਟ ਰਹੀ ਹੈ।

ਮਹਾਂਮਾਰੀ ਦੀ ਇਸ ਦੂਜੀ ਲਹਿਰ ਵਿੱਚ ਆਕਸੀਜਨ ਦੀ ਘਾਟ ਉੱਭਰ ਕੇ ਸਾਹਮਣੇ ਆਈ ਹੈ। ਹਰ ਰੋਜ਼ ਅਖ਼ਬਾਰਾਂ ’ਚ ਪੜ੍ਹਨ ਨੂੰ ਮਿਲਦਾ ਹੈ ਕਿ ਆਕਸੀਜਨ ਨਾ ਮਿਲਣ ਕਾਰਨ ਮੌਤਾਂ, ਆਕਸੀਜਨ ਪ੍ਰਾਪਤੀ ਲਈ ਸੰਘਰਸ਼, ਆਕਸੀਜਨ ਦੀ ਘਾਟ, ਆਕਸੀਜਨ ਦੀ ਕਾਲਾਬਾਜ਼ਾਰੀ ਤੇ ਜਮ੍ਹਾਂਖੋਰੀ ਆਦਿ।

ਜਦੋਂ ਕਿ ਮਾਹਰਾਂ ਵੱਲੋਂ ਪਹਿਲਾਂ ਚਿਤਾਵਨੀ ਦਿੱਤੀ ਜਾ ਚੁੱਕੀ ਸੀ ਕਿ ਕੋਵਿਡ-19 ਦੀ ਦੂਜੀ ਲਹਿਰ ਮਾਰਚ-ਅਪ੍ਰੈਲ 2021 ਵਿੱਚ ਆਵੇਗੀ, ਜੋ ਪਹਿਲੀ ਲਹਿਰ ਨਾਲੋਂ ਜ਼ਿਆਦਾ ਖ਼ਤਰਨਾਕ ਸਿੱਧ ਹੋ ਸਕਦੀ ਹੈ, ਜੀਹਦੇ ਵਿੱਚ ਆਕਸੀਜਨ ਦੀ ਵਧੇਰੇ ਲੋੜ ਹੋਵੇਗੀ, ਪਰ ਸਰਕਾਰ ਇਸ ਕੰਮ ਵੱਲੋਂ ਅਵੇਸਲੀ ਰਹੀ।

ਸਾਡਾ ਦੇਸ਼ ਹਮੇਸ਼ਾਂ ਹੀ ਆਕਸੀਜਨ ਦੇ ਬਰਾਮਦਕਾਰਾਂ ਵਿਚ ਪ੍ਰਮੁੱਖ ਰਿਹਾ ਹੈ। ਜਦੋਂ ਕਿ ਹੁਣ ਕੋਵਿਡ-19 ਦੀ ਦੂਜੀ ਲਹਿਰ ਵਿੱਚ ਆਕਸੀਜਨ ਦੀ ਕਮੀ ਦੀਆਂ ਜੋ ਲਗਾਤਾਰ ਖ਼ਬਰਾਂ ਆ ਰਹੀਆਂ ਹਨ, ਉਹ ਸਾਡੀ ਪ੍ਰਸ਼ਾਸਨ ਨਾਕਾਮੀ ਦਾ ਵੱਡਾ ਸਬੂਤ ਹਨ। ਹਾਲਾਂਕਿ ਕਈ ਰਾਜ ਸਰਕਾਰਾਂ ਕਹਿ ਰਹੀਆਂ ਹਨ ਕਿ ਉਹ ਮੌਤਾਂ ਤੇ ਅਸਲ ਕਾਰਨ ਦੀ ਜਾਂਚ ਕਰ ਰਹੀਆਂ ਹਨ। ਪਰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਆਕਸੀਜਨ ਸੰਕਟ ਹੈ। ਕੋਰੋਨਾ ਦੇ ਸੰਦਰਭ ਵਿੱਚ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਿਆਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਰਹੀ ਹੈ ਕਿ ਬਹੁਤੀਆਂ ਮੌਤਾਂ ਕੋਰੋਨਾ ਕਰਕੇ ਨਹੀਂ ਸਗੋਂ ਆਕਸੀਜਨ ਦੀ ਘਾਟ ਕਰਕੇ ਹੋ ਰਹੀਆਂ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਹਫ਼ਤੇ ਪੀ.ਐੱਮ. ਕੇਅਰ ਫੰਡ ਅਧੀਨ ਸਭ ਜ਼ਿਲ੍ਹਿਆਂ ’ਚ ਵਾਧੂ 551 ਪ੍ਰੈਸ਼ਰ ਸਵਿੰਗ ਐਡਸੋਰੋਪਸ਼ਨ (ਪੀ.ਐਸ.ਏ.) ਮੈਡੀਕਲ ਆਕਸੀਜਨ ਮੁਹੱਈਆ ਕਰਨ ਵਾਲੇ ਪਲਾਂਟਾਂ ਦੀ ਸਥਾਪਨਾ ਸਬੰਧੀ ਪ੍ਰਵਾਨਗੀ ਦਿੱਤੀ ਹੈ, ਪਰ ਸਵਾਲ ਇਹ ਹੈ ਕਿ ਅਕਤੂਬਰ 2020 ’ਚ ਆਕਸੀਜਨ ਦੇ 162 ਪਲਾਂਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਕਿ ਛੇਤੀ ਤੋਂ ਛੇਤੀ ਲਾਏ ਜਾਣ। ਉਸ ਸਮੇਂ ਕੋਵਿਡ-19 ਦੀ ਪਹਿਲੀ ਲਹਿਰ ਚੱਲ ਰਹੀ ਸੀ। ਪੀ. ਐਮ. ਕੇਅਰ ਫੰਡ ਵਿੱਚੋਂ ਉਦੋਂ ਉਨ੍ਹਾਂ ਲਈ 201.58 ਕਰੋੜ ਰੁਪਏ ਦਿੱਤੇ ਸਨ। ਇਸ ਰਕਮ ਨਾਲ ਮਾਰਚ 2021 ਤੱਕ ਪਲਾਂਟਾਂ ਨੂੰ ਆਸਾਨੀ ਨਾਲ ਸਥਾਪਤ ਕੀਤਾ ਜਾ ਸਕਦਾ ਸੀ। ਪਰ ਅਫ਼ਸੋਸ ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੇ ਸਾਲ ਪ੍ਰਵਾਨਿਤ 162 ਪੀ.ਐਸ.ਏ. ਪਲਾਂਟਾਂ ਵਿੱਚੋਂ ਇਸ ਸਾਲ ਅਪ੍ਰੈਲ ਤੱਕ ਸਿਰਫ 33 ਪਲਾਂਟ ਹੀ ਸਥਾਪਤ ਕੀਤੇ ਗਏ। ਇਹ ਕੇਂਦਰ ਸਰਕਾਰ ਵੱਲੋਂ ਦਿੱਤੀ ਵਿੱਤੀ ਮਦਦ ਨਾਲ ਪਲਾਂਟਾਂ ਨੂੰ ਕੇਂਦਰੀ ਚਕਿਤਸਾ ਸੇਵਾ ਸੁਸਾਇਟੀ (ਸੀ.ਐਮ.ਐਸ.ਐਸ.) ਵੱਲੋਂ ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਅਧੀਨ ਸਥਾਪਤ ਕੀਤਾ ਜਾਣਾ ਸੀ, ਪਰ ਸਰਕਾਰ ਨੇ ਅਤਿ ਜ਼ਰੂਰੀ ਇਸ ਕੰਮ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੱਤਾ।

ਇਕ ਪਲਾਂਟ ਨੂੰ ਸਥਾਪਤ ਕਰਨ ਵਿੱਚ ਇੱਕ-ਦੋ ਮਹੀਨੇ ਦਾ ਸਮਾਂ ਲੱਗਦਾ ਹੈ। ਸੀ.ਐੱਮ.ਐੱਸ.ਐਸ. ਨੇ ਚਾਰ ਕੰਪਨੀਆਂ ਨੂੰ ਤਿੰਨ ਮਹੀਨੇ ਦੇ ਰਿਕਾਰਡ ਸਮੇਂ ਵਿੱਚ ਕੰਮ ਕਰਨ ਦਾ ਠੇਕਾ ਦਿੱਤਾ ਸੀ। ਇਨ੍ਹਾਂ ਪਲਾਂਟਾਂ ਰਾਹੀਂ ਨਿੱਜੀ ਸਪਲਾਈ-ਕਰਤਾਵਾਂ ਨੇ ਤਰਲ ਮੈਡੀਕਲ ਆਕਸੀਜਨ (ਐੱਲ. ਐੱਮ. ਓ.) ਨਾਲ ਸਾਰੇ ਸੂਬਿਆਂ ਦੀ ਰੋਜ਼ਾਨਾ ਲੋੜ ਨੂੰ ਪੂਰਾ ਕਰਨ ਵਿਚ ਮਦਦ ਕਰਨੀ ਸੀ। ਪਰ ਇਹ ਬਿਲਕੁਲ ਅਸਫ਼ਲ ਰਹੇ। ਪਰ ਹੁਣ ਜਦੋਂ ਆਕਸੀਜਨ ਦੀ ਘਾਟ ਦੇ ਕਾਰਨ ਲੱਭੇ ਜਾ ਰਹੇ ਹਨ ਤਾਂ ਸੀ. ਐੱਮ. ਐੱਸ. ਐੱਸ. ਦੇ ਮੁਖੀ ਅਤੇ ਸਿਹਤ ਮੰਤਰਾਲਾ ਮੌਨ ਹੋ ਗਿਆ ਹੈ। ਲੋਕਾਂ ਨੂੰ ਆਪਣੇ ਹਾਲ ਉਤੇ ਮਰਨ ਲਈ ਛੱਡ ਦਿੱਤਾ ਗਿਆ ਹੈ। ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਕੇਂਦਰ ਤੇ ਸੂਬਾ ਸਰਕਾਰਾਂ ਨੇ ਕੋਵਿਡ-19 ਦੀ ਦੂਜੀ ਲਹਿਰ ਦੀ ਚੇਤਾਵਨੀ ਮਿਲਣ ਮਗਰੋਂ ਵੀ ਆਕਸੀਜਨ ਇਕੱਤਰਤਾ ਦੀ ਕੋਈ ਤਿਆਰੀ ਨਹੀਂ ਕੀਤੀ। ਦੂਜੇ ਪਾਸੇ ਹੁਣ ਆਕਸੀਜਨ ਦੇ ਨਾਂ ’ਤੇ ਕਾਲਾਬਾਜ਼ਾਰੀ ਵੱਡੇ ਪੱਧਰ ’ਤੇ ਹੋ ਰਹੀ ਹੈ। ਇੱਥੋਂ ਸਾਡੇ ਦੇਸ਼ ਦੇ ਲੋਕਾਂ ਦੀ ਗਿਰੀ ਹੋਈ ਸੋਚ ਵੀ ਸਪੱਸ਼ਟ ਹੁੰਦੀ ਹੈ।

ਮਨੁੱਖਤਾ ਦੀ ਸੇਵਾ ਕਰਨ ਵਾਲੀਆਂ ਕੁਝ ਕੁ ਪ੍ਰਾਈਵੇਟ ਸੰਸਥਾਵਾਂ ਜ਼ਰੂਰ ਆਪਣੀ ਸਮਰੱਥਾ ਮੁਤਾਬਕ ਇਸ ਵੇਲੇ ਲੋਕਾਂ ਨੂੰ ਆਕਸੀਜਨ ਮੁਹੱਈਆ ਕਰਵਾਉਣ ਦਾ ਯਤਨ ਕਰ ਰਹੀਆਂ ਹਨ। ਅੱਜ ਸੰਜੀਦਾ ਮਨੁੱਖ ਵਿਕਾਸ ਦੇ ਨਾਮ ਉੱਤੇ ਕੁਦਰਤ ਨਾਲ ਕੀਤੇ ਖਿਲਵਾੜ ਬਾਰੇ ਸੋਚਣ ਲਈ ਮਜ਼ਬੂਰ ਹੋਇਆ ਹੈ। ਜੇ ਸਾਡੇ ਦੇਸ਼ ਦੇ ਲੋਕ ਅਤੇ ਲੀਡਰ ਹੁਣ ਵੀ ਜੰਗਲ ਖ਼ਤਮ ਕਰਕੇ ਵਿਕਾਸ ਕਰਨ ਬਾਰੇ ਸੋਚ ਰਹੇ ਹਨ ਤਾਂ ਇਹ ਮਨੁੱਖਤਾ ਦੀ ਆਖ਼ਰੀ ਸਦੀ ਹੋ ਸਕਦੀ ਹੈ। ਹੁਣ ਸਾਰਿਆਂ ਨੂੰ ਇਸ ਬਾਰੇ ਬੜੀ ਸੰਜੀਦਗੀ ਨਾਲ ਸੋਚਣਾ ਪਵੇਗਾ।

**ਭਜਨ ਸਿੰਘ**

.......................................................

## ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਸੁਣਿਐ ਈਸਰੁ ਬਰਮਾ ਇੰਦੁ ॥**

ਪ੍ਰਭੂ ਦੀ ਸਿਫ਼ਤ ਸੁਣਨ ਨਾਲ ਜੀਵ ਸ਼ਿਵ, ਬ੍ਰਹਮਾ ਅਤੇ ਇੰਦਰ ਦੀ ਪਦਵੀ ਪ੍ਰਾਪਤ ਕਰ ਸਕਦਾ ਹੈ।

**ਸੁਣਿਐ ਮੁਖਿ ਸਾਲਾਹਣ ਮੰਦੁ ॥**

ਸੁਣਨ ਨਾਲ ਮੰਦਾ ਮਨੁੱਖ ਵੀ ਪ੍ਰਭੂ ਦੀ ਸਿਫ਼ਤ ਕਰਨ ਲੱਗ ਪੈਂਦਾ ਹੈ।

**ਸੁਣਿਐ ਜੋਗ ਜੁਗਤਿ ਤਨਿ ਭੇਦ ॥**

ਸੁਣਨ ਨਾਲ ਜੀਵ ਪ੍ਰਭੂ ਨਾਲ ਜੁੜਨ ਦੇ ਰਸਤੇ ਅਤੇ ਸਰੀਰ ਦੇ ਭੇਦਾਂ ਨੂੰ ਜਾਣ ਲੈਂਦਾ ਹੈ।

**ਸੁਣਿਐ ਸਾਸਤ ਸਿਮ੍ਰਿਤਿ ਵੇਦ ॥**

ਸੁਣਨ ਨਾਲ ਹੀ ਜੀਵ ਸ਼ਾਸ਼ਤ੍ਰਾਂ, ਸਿਮ੍ਰਤੀਆਂ ਅਤੇ ਵੇਦਾਂ ਨੂੰ ਜਾਣ ਲੈਂਦਾ ਹੈ।

**ਨਾਨਕ ਭਗਤਾ ਸਦਾ ਵਿਗਾਸੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ ਹਮੇਸ਼ਾਂ ਖੁਸ਼ ਰਹਿੰਦੇ ਹਨ।

**ਸੁਣਿਐ ਦੂਖ ਪਾਪ ਕਾ ਨਾਸੁ ॥੯॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਸੁਣਿਐ ਸਤੁ ਸੰਤੋਖੁ ਗਿਆਨੁ ॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਸੱਚ, ਸੰਤੋਖ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

**ਸੁਣਿਐ ਅਠਸਠਿ ਕਾ ਇਸਨਾਨੁ ॥**

ਪ੍ਰਭੂ ਦੇ ਨਾਮ ਨੂੰ ਸੁਣਨਾ ਮਾਨੋ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

**ਸੁਣਿਐ ਪੜਿ ਪੜਿ ਪਾਵਹਿ ਮਾਨੁ ॥**

ਵਿੱਦਿਆ ਪੜ੍ਹ-ਪੜ੍ਹ ਕੇ ਪ੍ਰਾਪਤ ਹੋਣ ਵਾਲਾ ਸਤਿਕਾਰ ਵੀ ਸੁਣਨ ਨਾਲ ਮਿਲ ਜਾਂਦਾ ਹੈ।

**ਸੁਣਿਐ ਲਾਗੈ ਸਹਜਿ ਧਿਆਨੁ ॥**

ਸੁਣਨ ਨਾਲ ਪ੍ਰਭੂ ਦੇ ਚਰਨਾਂ ਵਿੱਚ ਸਹਿਜੇ ਹੀ ਧਿਆਨ ਲੱਗ ਜਾਂਦਾ ਹੈ।

**ਨਾਨਕ ਭਗਤਾ ਸਦਾ ਵਿਗਾਸੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ ਹਮੇਸ਼ਾਂ ਖੁਸ਼ ਰਹਿੰਦੇ ਹਨ।

**ਸੁਣਿਐ ਦੂਖ ਪਾਪ ਕਾ ਨਾਸੁ ॥੧੦॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਸੁਣਿਐ ਸਰਾ ਗੁਣਾ ਕੇ ਗਾਹ ॥**

ਪ੍ਰਭੂ ਦੀ ਸਿਫ਼ਤ ਨੂੰ ਸੁਣਨ ਨਾਲ ਜੀਵ ਬੇਅੰਤ ਗੁਣਾਂ ਦੀ ਸੂਝ ਵਾਲੇ ਹੋ ਜਾਂਦੇ ਹਨ।

**ਸੁਣਿਐ ਸੇਖ ਪੀਰ ਪਾਤਿਸਾਹ ॥**

ਸੁਣਨ ਨਾਲ ਸ਼ੇਖ, ਪੀਰ ਅਤੇ ਪਾਤਸ਼ਾਹ ਬਣ ਜਾਂਦੇ ਹਨ।

**ਸੁਣਿਐ ਅੰਧੇ ਪਾਵਹਿ ਰਾਹੁ ॥**

ਸੁਣਨ ਨਾਲ ਅੰਨ੍ਹੇ ਵੀ ਰਸਤਾ ਪ੍ਰਾਪਤ ਕਰ ਲੈਂਦੇ ਹਨ।

**ਸੁਣਿਐ ਹਾਥ ਹੋਵੈ ਅਸਗਾਹੁ ॥**

ਸੁਣਨ ਨਾਲ ਅਥਾਹ ਸੰਸਾਰ ਸਾਗਰ ਦੀ ਸਮਝ ਆ ਜਾਂਦੀ ਹੈ।

**ਨਾਨਕ ਭਗਤਾ ਸਦਾ ਵਿਗਾਸੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ ਹਮੇਸ਼ਾਂ ਖੁਸ਼ ਰਹਿੰਦੇ ਹਨ।

**ਸੁਣਿਐ ਦੂਖ ਪਾਪ ਕਾ ਨਾਸੁ ॥੧੧॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਮੰਨੇ ਕੀ ਗਤਿ ਕਹੀ ਨ ਜਾਇ ॥**

ਪ੍ਰਭੂ ਦੇ ਨਾਮ ਨੂੰ ਮੰਨਣ ਵਾਲੇ ਦੀ ਅਵਸਥਾ ਕਹੀ ਨਹੀਂ ਜਾ ਸਕਦੀ।

**ਜੇ ਕੋ ਕਹੈ ਪਿਛੈ ਪਛੁਤਾਇ ॥**

ਜੇ ਕੋਈ ਕਹੇ ਤਾਂ ਪਿਛੋਂ ਪਛੁਤਾਉਂਦਾ ਹੈ ਕਿ ਮੈਂ ਥੋੜ੍ਹੀ ਕਹੀ ਹੈ।

**ਕਾਗਦਿ ਕਲਮ ਨ ਲਿਖਣਹਾਰੁ ॥**

ਲਿਖਣ ਵਾਲਾ ਕਾਗਜ਼ ਉੱਤੇ ਕਲਮ ਨਾਲ ਉਸਦੀ ਅਵਸਥਾ ਲਿਖ ਨਹੀਂ ਸਕਦਾ।

**ਮੰਨੇ ਕਾ ਬਹਿ ਕਰਨਿ ਵੀਚਾਰੁ ॥**

ਉਹ ਤਾਂ ਸਿਰਫ਼ ਮੰਨਣ ਵਾਲੇ ਦੀ ਅਵਸਥਾ ਦਾ ਬੈਠ ਕੇ ਵੀਚਾਰ ਹੀ ਕਰ ਸਕਦਾ ਹੈ।

**ਐਸਾ ਨਾਮੁ ਨਿਰੰਜਨੁ ਹੋਇ ॥**

ਪ੍ਰਭੂ ਦਾ ਨਾਮ ਐਸਾ ਮਾਇਆ ਤੋਂ ਨਿਰਲੇਪ ਹੈ ਕਿ

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥**

ਜੇ ਕੋਈ ਇਸ ਨੂੰ ਮੰਨ ਲਏ ਤਾਂ ਹੀ ਉਹ ਇਸ ਨੂੰ ਜਾਣ ਸਕਦਾ ਹੈ।

**ਮੰਨੈ ਸੁਰਤਿ ਹੋਵੈ ਮਨਿ ਬੁਧਿ ॥**

ਮੰਨਣ ਨਾਲ ਜੀਵ ਦੇ ਮਨ ਅਤੇ ਬੁੱਧੀ ਅੰਦਰ ਈਸ਼ਵਰੀ ਗਿਆਨ ਆ ਜਾਂਦਾ ਹੈ।

**ਮੰਨੈ ਸਗਲ ਭਵਣ ਕੀ ਸੁਧਿ ॥**

ਮੰਨਣ ਨਾਲ ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ।

**ਮੰਨੈ ਮੁਹਿ ਚੋਟਾ ਨਾ ਖਾਇ ॥**

ਮੰਨਣ ਨਾਲ ਜੀਵ ਵਿਕਾਰਾਂ ਦੀਆਂ ਸੱਟਾਂ ਮੂੰਹ 'ਤੇ ਨਹੀਂ ਖਾਂਦਾ।

**ਮੰਨੈ ਜਮ ਕੈ ਸਾਥਿ ਨ ਜਾਇ ॥**

ਪ੍ਰਭੂ ਦੇ ਨਾਮ ਨੂੰ ਮੰਨਣ ਨਾਲ ਜਮਾਂ ਦੇ ਨਾਲ ਨਹੀਂ ਜਾਣਾ ਪੈਂਦਾ ਭਾਵ ਜੰਮਣ ਮਰਨ ਤੋਂ ਰਹਿਤ ਹੋ ਜਾਂਦਾ ਹੈ।

**ਐਸਾ ਨਾਮੁ ਨਿਰੰਜਨੁ ਹੋਇ ॥**

ਪ੍ਰਭੂ ਦਾ ਨਾਮ ਐਸਾ ਮਾਇਆ ਤੋਂ ਨਿਰਲੇਪ ਹੈ ਕਿ

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥**

ਜੇ ਕੋਈ ਇਸ ਨੂੰ ਮੰਨ ਲਏ ਤਾਂ ਹੀ ਉਹ ਇਸ ਨੂੰ ਜਾਣ ਸਕਦਾ ਹੈ।

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਉਪਦੇਸ਼
# ਸ੍ਰੀ ਸਤਿਗੁਰੂ ਉਦੇ ਸਿੰਘ ਜੀ

**25 ਅਪ੍ਰੈਲ 2021, ਬੰਗਲੌਰ**

ਅੱਜ ਚਾਰ ਸਰੀਰਾਂ ਦੇ ਭੋਗ ਪਏ ਹਨ। ਜਿਸ ਸੱਚੇ ਪਾਤਸ਼ਾਹ ਤੋਂ ਵਰੋਸਾਏ ਹੋਏ ਸਨ, ਇਕ ਵਾਰੀ ਉਨ੍ਹਾਂ ਨੂੰ ਯਾਦ ਕਰਦੇ ਹੋਏ ਬੜੇ ਪਿਆਰ ਨਾਲ ਆਖੀਏ –

**ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।**

ਇਹ ਸਤਿਗੁਰੂ ਸੱਚੇ ਪਾਤਸ਼ਾਹ ਦੇ ਫੁਲਵਾੜੀ ਦੇ ਚਾਰ ਫੁੱਲ ਇਸ ਅਸਥਿਰ ਸੰਸਾਰ ਤੋਂ ਆਪਣੀ ਯਾਤਰਾ ਪੂਰੀ ਕਰਕੇ ਚਲੇ ਗਏ ਹਨ। ਇਨ੍ਹਾਂ ਵਿੱਚੋਂ **ਸ. ਰਜਿੰਦਰ ਸਿੰਘ ਜੀ**, ਜਿਸ ਤਰ੍ਹਾਂ ਤੁਸੀਂ ਸੁਣਿਆ ਹੈ ਔਰ ਮੈਂ ਜ਼ਿਕਰ ਕਰਨਾ ਚਾਹਵਾਂਗਾ, ਜਿਹੜੇ ਬਾਕੀ ਤਿੰਨ ਸਰੀਰ ਨੇ ਇਕ ਚੜ੍ਹਾਈ ਕੀਤੇ ਨੇ



ਬਲਦੇਵ ਸਿੰਘ ਚਾਨਾ ਉਨ੍ਹਾਂ ਨੂੰ ਦਿੱਲੀ ਵਾਲੇ ਬਹੁਤ ਸਰੀਰ **ਬਲਦੇਵ ਸਿੰਘ ਨੇਤਾ** ਕਰਕੇ ਵੀ ਜਾਣਦੇ ਸੀ। ਉਨ੍ਹਾਂ ਨੇ ਕਾਂਗਰਸ ਪਾਰਟੀ ਵਿੱਚ ਕੰਮ ਕੀਤਾ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਬੜੇ ਪਿਆਰੇ ਸਿੱਖ ਸੀ। ਮੈਂ ਖ਼ਾਸ ਕਰਕੇ ਉਨ੍ਹਾਂ ਨੂੰ ਯਾਦ ਕਰਦਾ ਹਾਂ ਕਿ ਜਿਹੜਾ ਇਸ ਵਾਰ ਹੋਲਾ ਹੋਇਆ ਹੈ, ਨਾਮਧਾਰੀ ਹਾਕੀ ਟੀਮ ਨੇ ਕਰਵਾਇਆ ਹੈ। ਜਿਹੜੀ ਪਹਿਲੀ ਨਾਮਧਾਰੀ ਟੀਮ ਸੀ 1980 ਤੋਂ ਲੈ ਕੇ 1995-96 ਤੱਕ ਉਹ ਟੀਮ ਖੇਡੀ, ਜਿਨ੍ਹਾਂ ਵਿਚੋਂ ਬਹੁਤ ਸਾਰੇ ਲੜਕੇ ਉਲੰਪਿਕ ਵਗੈਰਾ ਵੀ ਖੇਡੇ ਤੇ ਬੜੀਆਂ ਟੂਰਨਾਮੈਂਟਾਂ ਵੀ ਜਿੱਤੀਆਂ।

ਉਸ ਟੀਮ ਨੇ ਜਦੋਂ ਵੀ ਦਿੱਲੀ ਜਾਣਾ ਉਨ੍ਹਾਂ ਦੇ ਟੂਰਨਾਂਮੈਂਟ ਖੇਡਣ ਦਾ ਪ੍ਰਬੰਧ, ਕਮੇਟੀ ਨਾਲ ਮਿਲਣ ਦਾ ਪ੍ਰਬੰਧ, ਟੂਰਨਾਮੈਂਟ Official ਨੂੰ ਮਿਲਣ ਦਾ ਪ੍ਰਬੰਧ, ਉਨ੍ਹਾਂ ਦੇ ਜਾਣ-ਆਉਣ ਦਾ ਡੇਰਿਆਂ ਦਾ ਸਾਰਾ ਪ੍ਰਬੰਧ, ਇਹ ਸੇਵਾ ਕਰਨ ਦਾ ਸੁਭਾਗ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ ਬਲਦੇਵ ਸਿੰਘ ਨੂੰ ਦਿੱਤਾ। ਕਿਉਂਕਿ ਮੈਂ ਟੀਮ ਦੇ ਨਾਲ ਜਾਂਦਾ ਸੀ। ਮੇਰੀ ਸੇਵਾ ਲੱਗੀ ਹੋਈ ਸੀ ਤੇ ਇਸ ਕਰਕੇ ਬਲਦੇਵ ਸਿੰਘ ਦੇ ਨਾਲ ਇਹ ਸੇਵਾ ਕਰਨ ਦਾ ਮੌਕਾ ਮਿਲਦਾ ਰਿਹਾ। ਉਹਨੇ ਆਪਣਾ ਸਾਰਾ ਕੰਮ ਛੱਡ ਕੇ ਆਪਣੀ ਗੱਡੀ ਵੀ ਲੈ ਕੇ ਤੇ ਹੋਰ ਵੀ ਗੱਡੀਆਂ ਸੰਗਤ ਦੀਆਂ ਪ੍ਰਬੰਧ ਕਰਨਾ (ਸਾਨੂੰ) ਕਿਸੇ ਨੂੰ ਵੀ ਫ਼ਿਕਰ ਨਹੀਂ ਸੀ ਹੁੰਦਾ। ਇਹ ਸੇਵਾ ਹਾਕੀ ਟੀਮ ਦੀ ਬਹੁਤ ਲੰਮੇ ਸਮੇਂ ਤੱਕ ਸ਼ਾਇਦ 15-20 ਸਾਲ ਇਸ ਨੇ ਸੇਵਾ ਨਿਭਾਈ। ਹੁਣ ਅਚਾਨਕ ਇਸ ਮਹਾਂਮਾਰੀ (ਕੋਵਿਡ-19) ਵਿੱਚ ਬੀਮਾਰ ਹੋਣ ਕਰਕੇ, ਉਨ੍ਹਾਂ ਦਾ ਦੇਹਾਂਤ ਹੋਇਆ।

ਇਸ ਤੋਂ ਪਹਿਲਾਂ ਘਰ ਵਿੱਚ ਇਕ ਦੁੱਖ ਹੋਇਆ ਉਨ੍ਹਾਂ ਦੀ ਵੱਡੀ ਬੇਟੀ ਪੂਰੀ ਹੋ ਗਈ। ਉਸ ਤੋਂ ਬਾਅਦ ਇਹ ਬਲਦੇਵ ਸਿੰਘ ਇਸ ਮਹਾਂਮਾਰੀ ਦੇ ਕਰਕੇ ਬਿਮਾਰ ਹੋ ਗਏ ਤੇ ਉਨ੍ਹਾਂ ਨੂੰ ਇਸ ਸੰਸਾਰ ਤੋਂ ਜਾਣਾ ਪਿਆ। ਮੈਂ ਅੱਗੋਂ ਸਤਿਗੁਰੂ ਜਗਜੀਤ

ਸਿੰਘ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ, ਘਰ ਵਿੱਚ ਸੁਖ ਸ਼ਾਂਤੀ ਬਖ਼ਸ਼ਣ ਤੇ ਉਨ੍ਹਾਂ ਨੂੰ ਸਿੱਖੀ ਬਖ਼ਸ਼ਣ, ਉਨ੍ਹਾਂ ਦੇ ਪਰਿਵਾਰ ਨੂੰ ਆਪਣੇ ਚਰਨੀਂ ਲਾ ਕੇ ਰੱਖਣ।

ਅਸੀਂ ਜੀਵ ਭੁੱਲਦੇ ਹਾਂ, ਥਾਂ-ਥਾਂ ਭੁੱਲਦੇ ਹਾਂ, ਜਿੰਨਾ ਚਿਰ ਉਹ (ਪਰਮੇਸ਼ਰ) ਕਿਰਪਾ ਨਹੀਂ ਕਰਦਾ, ਅਸੀਂ (ਕਿਸੇ) ਇਮਤਿਹਾਨਾਂ ਵਿਚੋਂ ਪਾਸ ਨਹੀਂ ਹੋ ਸਕਦੇ। ਅਸੀਂ ਚਰਨੀਂ ਉਦੋਂ ਹੀ ਲੱਗਦੇ ਹਾਂ, ਸਾਡਾ ਵਿਸ਼ਵਾਸ ਉਦੋਂ ਹੀ ਪੱਕਾ ਹੁੰਦਾ ਹੈ, ਜਦੋਂ ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਦੇ ਹਨ ਤੇ ਮੈਂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਬਖ਼ਸ਼ਿਸ਼ ਕਰਨ, ਜਿਸ ਸਿੱਖ ਤੋਂ ਤੁਸੀਂ ਏਨੀ ਸੇਵਾ ਲਈ ਹੈ, ਉਨ੍ਹਾਂ ਦੇ ਪਰਿਵਾਰ ਨੂੰ ਵੀ ਚਰਨੀਂ ਲਾ ਕੇ ਰੱਖੋ। ਅੱਗੋਂ ਘਰ ਵਿੱਚ ਸੁੱਖ ਸ਼ਾਂਤੀ ਬਖ਼ਸ਼ੋ।

ਇਕ ਹੋਰ ਸਰੀਰ ਚੜ੍ਹਾਈ ਕੀਤਾ ਹੈ, **ਜਸਵਿੰਦਰ ਸਿੰਘ**। ਇਹ ਵੀ ਪਰਿਵਾਰ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਚਰਨ ਸੇਵਕ ਹੈ। ਇਹ ਸਾਰਾ ਪਰਿਵਾਰ ਇਨ੍ਹਾਂ ਦੇ ਭਰਾ ਦਿੱਲੀ ਵਿੱਚ ਸੂਬਾ ਨੇ, ਸੂਬਾ ਅਰਵਿੰਦ ਸਿੰਘ ਜੀ। ਇਕ ਇਨ੍ਹਾਂ ਦਾ ਭਰਾ ਰਜਿੰਦਰ ਸਿੰਘ (ਰਾਜਾ) ਕਰਕੇ ਯਾਦ ਕਰਦੇ ਨੇ। ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ ਪਰਿਵਾਰ ’ਤੇ ਵੀ ਬੜੀ ਕਿਰਪਾ ਕੀਤੀ। ਜਿਥੇ ਵੀ ਲੋੜ ਪਈ ਇਹ ਪਰਿਵਾਰ ਉਥੇ ਹੀ ਖਲੋਂਦਾ ਰਿਹਾ। ਜਸਵਿੰਦਰ ਸਿੰਘ ਬੜੇ ਚਿਰ ਤੋਂ ਭੈਣੀ ਸਾਹਿਬ ਹਰ ਮੇਲੇ ’ਤੇ, ਮੇਲੇ ਤੋਂ ਬਿਨਾਂ ਵੀ ਬੜਾ ਚਿਰ ਰਹਿ ਕੇ ਨਾਮ-ਸਿਮਰਨ ’ਚ ਆਉਣਾ, ਆਸਾ ਦੀ ਵਾਰ ਵਿੱਚ ਆਉਣਾ ਸਭ ਤੋਂ ਜਿਆਦਾ ਹੁਣ ਉਹ ਹੋਰ ਦੁਨੀਆਂਦਾਰੀ ਦੇ ਕੰਮ ਛੱਡ ਕੇ ਨਾਮ-ਸਿਮਰਨ ਵਿਚ ਲੱਗਦਾ ਸੀ। ਬੜਾ-ਬੜਾ ਲੰਮਾ ਸਮਾਂ ਭੈਣੀ ਸਾਹਿਬ ਰਹਿੰਦਾ ਸੀ। ਉਮਰ ਵੀ ਬਹੁਤ ਥੋੜ੍ਹੀ ਸੀ। ਮੇਰਾ ਖਿਆਲ ਸਾਰੇ ਭੈਣਾਂ-ਭਰਾਵਾਂ ਤੋਂ ਸਭ ਤੋਂ ਛੋਟਾ ਸੀ ਤੇ ਅਚਾਨਕ ਇਹ ਭਾਣਾ ਵਰਤਿਆ ਹੈ। ਉਹ ਵੀ ਇਸ ਤਰ੍ਹਾਂ ਇਸ ਅਸਥਿਰ ਦੁਨੀਆਂ ਨੂੰ ਛੱਡ ਕੇ ਗਿਆ ਹੈ। ਸੱਚੇ ਪਾਤਸ਼ਾਹ ਕਿਰਪਾ ਕਰਨ ਪਰਿਵਾਰ ’ਤੇ ਬਖ਼ਸ਼ਿਸ਼ ਰੱਖਣ ਘਰ ਵਿੱਚ ਸਿੱਖੀ ਸਿਦਕ ਰੱਖਣ।

ਇਕ ਬੀਬੀ ਵਾਸਤੇ ਅਰਦਾਸ ਕੀਤੀ ਸੀ। ਇਹ ਨੇ ਬੀਬੀ **ਸੁਖਵਿੰਦਰ ਕੌਰ** ਜਿਨ੍ਹਾਂ ਨੂੰ ਘਰ ਵਿੱਚ ‘ਭੋਲੀ’ ਕਹਿੰਦੇ ਸੀ। ਉਹਨਾਂ ਦੇ ਪਿਤਾ ਜੀ ਮੈਂ ਦੱਸਣਾ ਚਾਹਵਾਂਗਾ, ਉਨ੍ਹਾਂ ਦੇ ਪਿਤਾ ਜੀ ਸ. ਹਰਭਜਨ ਸਿੰਘ ਚਾਨਾ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਅਨਿੰਨ ਸੇਵਕ ਸਨ। ਔਰ ਨਾਮਧਾਰੀ ਸੰਗਤ ਕੀਨੀਆ ਦੇ ਉਹ ਪ੍ਰਧਾਨ ਸਨ। ਜਦੋਂ ਵੀ ਸੱਚੇ ਪਾਤਸ਼ਾਹ ਓਥੇ ਜਾਂਦੇ ਸੀ, ਅੱਗੇ ਹੋ ਕੇ ਉਨ੍ਹਾਂ ਬਹੁਤ ਲੰਮਾ ਚਿਰ ਸੇਵਾ ਕੀਤੀ। 1970-75 ਤੋਂ ਲੈ ਕੇ ਅਖੀਰ ਤੱਕ ਉਨ੍ਹਾਂ ਨੇ ਇਹ ਸੱਚੇ ਪਾਤਸ਼ਾਹ ਦੇ ਹੁਕਮ ਨਾਲ ਸਾਧ ਸੰਗਤ ਦੀ ਨਿਭਾਈ। ਅਗੋਂ ਇਸ ਤਰ੍ਹਾਂ ਹੀ ਉਨ੍ਹਾਂ ਦੇ ਸਪੁੱਤਰ ਦਰਸ਼ਨ ਸਿੰਘ ਉਹ ਵੀ ਨੈਰੋਬੀ ਹੁੰਦੇ ਨੇ, ਉਹ ਵੀ ਸੰਗਤ ਦੀ ਸੇਵਾ ਉਸ ਤਰ੍ਹਾਂ ਹੀ ਓਨੇ ਪਿਆਰ ਨਾਲ ਵੱਧ ਚੜ੍ਹ ਕੇ ਕਰਦੇ ਨੇ। ਦੂਸਰੇ ਇਨ੍ਹਾਂ ਦੇ ਭਰਾ ਨੇ ਜੀਤੀ ਉਹ ਇੰਗਲੈਂਡ ਹੁੰਦੇ ਨੇ। ਉਹ ਸਾਊਥ ਹਾਲ ਸੰਗਤ ਦੀ ਸੇਵਾ ਕਰਦੇ ਹਨ। ਉਹ ਵੀ ਆਪਣਾ ਕੰਮ ਕਾਰ ਛੱਡ ਕੇ ਸੰਗਤ ਵਾਸਤੇ ਟਾਈਮ ਦਿੰਦੇ ਹਨ। ਸਾਰਾ ਪਰਿਵਾਰ ਹੀ ਇਹ ਜਿਹੜਾ ਸੀ, ਸਿੱਖੀ ਨਾਲ ਜੁੜਿਆ ਹੋਈਆ ਸੀ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਨਾਲ ਜੁੜਿਆ ਹੋਇਆ ਸੀ। ਇਹ ਬੀਬੀ ਉਨ੍ਹਾਂ ਦੀ ਭੈਣ ਪੂਰੀ ਹੋਈ ਹੈ। ਇਨ੍ਹਾਂ ਦੇ ਘਰ ਵਾਲਾ ਸਿੰਘ ਵੀ ਸ. ਗੁਰਚਰਨ ਸਿੰਘ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦਾ ਅਨਿੰਨ ਸੇਵਕ ਸੀ। ਇੱਕ ਇਹ ਬੀਬੀ ਪੂਰੀ ਹੋਈ ਹੈ।

ਇਨ੍ਹਾਂ ਚੌਹਾਂ ਵਾਸਤੇ ਮੈਂ ਤੁਹਾਡੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ (ਇਸ ਸੰਸਾਰ ਤੋਂ) ਜਾਣਾ ਆਪਾਂ ਸਾਰਿਆਂ ਨੇ ਹੀ ਹੈ। ਅਸੀਂ ਰੋਜ਼ ਇਹ ਅਰਦਾਸ ਕਰਦੇ ਹਾਂ (ਹੇ ਸੱਚੇ ਪਾਤਸ਼ਾਹ!) ਸਾਨੂੰ ਮਨਮੁਖੀ ਤੋਂ ਬੇਮੁਖੀ ਤੋਂ, ਬਚਾ ਕੇ ਰੱਖ ਲਈ, ਜਦੋਂ ਅਸੀਂ ਜਾਈਏ ਸਾਨੂੰ ਹੋਰ ਚਿੰਤਾਵਾਂ ਨਾ ਹੋਣ, ਸਾਡਾ ਮਨ ਸਤਿਗੁਰਾਂ ਦੇ ਚਰਨਾਂ ਵਿਚ ਲੱਗਾ ਹੋਵੇ, ਸਾਡਾ ਮਨ ਸਿਮਰਨ ਵਿੱਚ ਲੱਗਾ ਹੋਵੇ। ਅਸੀਂ ਚਿੰਤਾ ਤੋਂ, ਈਰਖਾ ਦਵੈਸ਼ ਤੋਂ ਮੁਕਤ ਹੋ ਕੇ ਜਾਈਏ। ਅਸੀਂ ਸਾਰਿਆਂ ਹੀ ਉਨ੍ਹਾਂ (ਸਤਿਗੁਰਾਂ) ਦੇ ਚਰਨਾਂ ਵਿੱਚ ਜਾਣਾ ਹੈ। ਇਹ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ, ਇਹ ਜਿਹੜੇ ਆਪ ਜੀ ਦੇ ਸਿੱਖ ਵਿਛੜੇ ਨੇ ਬਖ਼ਸ਼ਿਸ਼ ਹੋਵੇ, ਇਹਨਾਂ ਦੇ ਘਰ ਵਿੱਚ ਸਿਖੀ ਬਖ਼ਸ਼ੋ। ਇਹਨਾਂ ਦੇ ਘਰ ਵਿੱਚ ਸੁਖ ਸ਼ਾਂਤੀ ਬਖ਼ਸ਼ੋ। ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ।

**ਸਤਿ ਸ੍ਰੀ ਅਕਾਲ**

..................................................

# ਸੁਰ, ਲੈਅ, ਤਾਲ ਦੇ ਸਿੱਧ-ਹਸਤ ਪੰਡਿਤ ਰਾਜਨ ਮਿਸ਼ਰਾ



ਹਰਪਾਲ ਸਿੰਘ ਸੇਵਕ
94176-01321

ਬਨਾਰਸ ਘਰਾਣੇ ਦੇ ਸ਼ਾਸਤਰੀ ਸੰਗੀਤ ਦੇ ਜਗਤ ਪ੍ਰਸਿੱਧ ਗਾਇਕ ਪੰਡਿਤ ਰਾਜਨ ਮਿਸ਼ਰਾ ਜੀ 25 ਅਪ੍ਰੈਲ 2021 ਨੂੰ 70 ਵਰ੍ਹਿਆਂ ਦੀ ਆਯੂ ਵਿਚ ਸਾਨੂੰ ਸਦੀਵੀ ਅਲਵਿਦਾ ਕਹਿ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ।

ਰਾਮ-ਲਛਮਣ ਤੇ ਰੂਪ ਬਸੰਤ ਵਾਂਗ ਇਨ੍ਹਾਂ ਦੋਹਾਂ ਭਰਾਵਾਂ ਦੀ ਵੀ ਜੋੜੀ ਸੀ। ਵੱਡੇ ਵੀਰ ਪੰਡਿਤ ਰਾਜਨ ਮਿਸ਼ਰਾ ਤੇ ਛੋਟੇ ਭਾਈ ਪੰਡਿਤ ਸਾਜਨ ਮਿਸ਼ਰਾ ਹੁਣ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਇਸ ਜੋੜੀ ਦੇ ਛੋਟੇ ਭਾਈ ਪੰਡਿਤ ਸਾਜਨ ਮਿਸ਼ਰਾ ਹੀ ਇਕੱਲੇ ਰਹਿ ਗਏ ਹਨ। ਲੋਕੀਂ ਇਸ ਜੋੜੀ ਨੂੰ ਪਿਆਰ ਨਾਲ 'ਮਿਸ਼ਰਾ ਬੰਧੂ' ਆਖ ਕੇ ਬੁਲਾਉਂਦੇ ਸਨ।

ਇਸ ਜੋੜੀ ਦੇ ਪਿਤਾ ਜੀ ਹਨੂੰਮਾਨ ਮਿਸ਼ਰਾ ਤੇ ਚਾਚਾ ਜੀ ਗੋਪਾਲ ਮਿਸ਼ਰਾ ਆਪਣੇ ਸਮੇਂ ਦੇ ਬਨਾਰਸ ਘਰਾਣੇ ਦੇ ਭਾਰਤ ਪ੍ਰਸਿੱਧ ਸਾਰੰਗੀ ਵਾਦਕ ਸਨ। ਪੰਡਤ ਗੋਪਾਲ ਮਿਸ਼ਰਾ ਜੀ 1950 ਈ. ਦੇ ਲਗਭਗ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਸ੍ਰੀ ਭੈਣੀ ਸਾਹਿਬ ਆ ਕੇ ਵੀ ਹਾਜ਼ਰੀ ਲਵਾ ਚੁੱਕੇ ਹਨ।

ਪੰ. ਰਾਜਨ-ਸਾਜਨ ਮਿਸ਼ਰਾ ਜੀ ਦੇ ਸਭ ਤੋਂ ਪਹਿਲਾਂ ਸੰਗੀਤਕ ਗੁਰੂ ਪੰਡਿਤ ਬੜੇ ਰਾਮਦਾਸ ਜੀ ਬਨਾਰਸ ਦੇ ਰਹਿਣ ਵਾਲੇ ਸਨ। ਪਰ ਸੰਗੀਤ ਦੀ ਬਹੁਤੀ ਸਿੱਖਿਆ ਇਨ੍ਹਾਂ ਦੋਹਾਂ ਨੇ ਆਪਣੇ ਪਿਤਾ ਜੀ ਹਨੂੰਮਾਨ ਮਿਸ਼ਰਾ ਤੋਂ ਹੀ ਲਈ।

ਸਤਿਗੁਰੂ ਜੀ ਜਦੋਂ ਦਿੱਲੀ ਜਾਂਦੇ ਇਨ੍ਹਾਂ ਨੂੰ ਬੁਲਾ ਕੇ ਸੁਣਦੇ ਅਤੇ ਵਿਦੇਸ਼ੀ ਦੌਰਿਆਂ ਨਾਲ ਵੀ ਲੈ ਕੇ ਜਾਂਦੇ। ਬਨਾਰਸ ਘਰਾਣੇ ਦੀ ਸਤ ਪੁਸ਼ਤਾਂ ਤੋਂ 400 ਸਾਲ ਪੁਰਾਣੀ, ਖਿਆਲ-ਸ਼ੈਲੀ ਦੇ ਵਾਰਸਾਂ ਦੀ ਜੋੜੀ ਹੋਣ ਦਾ ਮਾਣ ਪੰਡਿਤ ਰਾਜਨ ਤੇ ਸਾਜਨ ਮਿਸ਼ਰਾ ਨੂੰ ਹੀ ਜਾਂਦਾ ਹੈ।

ਰਾਜਨ ਜੀ ਦੇ ਦੋ ਬੇਟੇ ਹਨ। ਰਜਨੀਸ਼ ਤੇ ਜਿਤੇਸ਼ ਮਿਸ਼ਰਾ। ਸਾਜਨ ਜੀ ਦਾ ਇੱਕ ਬੇਟਾ ਹੈ ਇਹ ਤਿੰਨੋਂ ਬੱਚੇ ਵੀ ਗਾਇਨ ਦੇ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ।

ਸਤਿਗੁਰੂ ਜੀ ਦੇ ਹੁਕਮ ਕਰਨ ਦੀ ਦੇਰੀ ਸੀ ਇਨ੍ਹਾਂ ਦੇ ਭਾਗ ਖੁੱਲ੍ਹ ਗਏ ਤੇ ਕੁਝ ਸਾਲਾਂ ਵਿੱਚ ਹੀ ਇਹ ਜੋੜੀ ਭਾਰਤ ਦੀ ਸ਼ਾਸਤਰੀ ਸੰਗੀਤ ਜਗਤ ਵਿੱਚ ਪ੍ਰਸਿੱਧੀ ਹਾਸਲ ਕਰ ਗਈ। ਜਦੋਂ ਵੀ ਸਮਾਂ ਮਿਲਦਾ, ਇਹ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਚਰਨਾਂ ਵਿਚ ਆ ਹਾਜ਼ਰ ਹੁੰਦੇ। ਸਤਿਗੁਰੂ ਜੀ ਦੀ ਇਸ ਜੋੜੀ 'ਤੇ ਅਪਾਰ ਕਿਰਪਾ ਕਰਕੇ ਇਨ੍ਹਾਂ ਨੂੰ ਕਈ ਬੰਦਿਸ਼ਾਂ ਸਿਖਾਉਂਦੇ।

ਜਦੋਂ ਇਨ੍ਹਾਂ ਦੇ ਚਾਚਾ ਜੀ ਸਵਰਗਵਾਸ ਹੋ ਗਏ ਤਾਂ ਇਨ੍ਹਾਂ ਨੂੰ ਬਨਾਰਸ ਜਾਣਾ ਪਿਆ ਪਰ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਦਿੱਲੀ ਸੱਦ ਲਿਆ। ਪਹਿਲਾਂ ਇਹ ਕਿਰਾਏ ਦੇ ਮਕਾਨ ਵਿਚ ਰਹੇ ਤੇ ਫਿਰ ਸਤਿਗੁਰੂ ਜੀ ਨੇ ਰਮੇਸ਼ ਨਗਰ ਮਕਾਨ ਮੁੱਲ ਲੈ ਦਿੱਤਾ ਅਤੇ ਏ.ਸੀ. ਵੀ ਲਗਵਾ ਦਿੱਤਾ।


1974-75 ਦਿੱਲੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਸੀ। ਜਦ ਪਹਿਲੀ ਵਾਰ ਰਾਜਨ ਜੀ ਨੇ ਸਤਿਗੁਰੂ ਜੀ ਦੇ ਸਨਮੁਖ ਰਾਗ ਦਰਬਾਰੀ ਕਾਨੜਾ ਗਾਇਆ ਤਾਂ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ। ਫੇਰ ਤਾਂ ਸਤਿਗੁਰੂ ਜੀ ਇਨ੍ਹਾਂ ਨੂੰ ਵਾਰ-ਵਾਰ ਬੁਲਾ ਕੇ ਸੁਣਦੇ ਤੇ ਖ਼ੁਸ਼ੀਆਂ ਬਖ਼ਸ਼ਦੇ। ਸੰਮੇਲਨ ਤੋਂ ਬਾਅਦ ਸਾਰੇ ਕਲਾਕਾਰਾਂ ਨੂੰ ਪ੍ਰੀਤੀ ਭੋਜ 'ਤੇ ਬੁਲਾਇਆ। ਸਤਿਗੁਰੂ ਜੀ ਦੀ ਪਾਰਖੂ ਦ੍ਰਿਸ਼ਟੀ ਨੇ ਇਸ ਜੋੜੀ ਅੰਦਰ ਸੁਰ, ਲੈਅ ਤੇ ਤਾਲ ਦੇ ਛੁਪੇ ਗੁਣਾਂ ਨੂੰ ਵੇਖ ਕੇ ਹੁਕਮ ਕੀਤਾ ਕਿ ਨੌਕਰੀ ਛੱਡ ਕੇ ਰਿਆਜ਼ ਕਰੋ, ਜਿੰਨੀ ਤਨਖਾਹ ਮਿਲਦੀ ਹੈ, ਮੈਂ ਦੇ ਦੇਵਾਂਗਾ।

ਰਾਜਨ ਜੀ ਦੇ ਸ਼ਬਦਾਂ ਵਿੱਚ "ਉਨ੍ਹਾਂ ਦਿਨਾਂ ਵਿੱਚ ਸੰਗੀਤ ਦੇ ਖੇਤਰ ਵਿੱਚ ਬਹੁਤਾ ਸਕੋਪ ਨਹੀਂ ਸੀ। ਖ਼ਾਨਦਾਨੀ ਘਰਾਣਾ ਹੋਣ ਕਰ ਕੇ 7-8 ਸਾਲ ਦੀ ਉਮਰ ਤੋਂ ਹੀ ਰਾਗ ਸਿੱਖਣਾ ਸ਼ੁਰੂ ਕਰ ਦਿੱਤਾ ਅਤੇ ਬਨਾਰਸ ਦੇ ਮੰਦਿਰਾਂ ਵਿੱਚ ਗਾਉਂਦੇ। ਸਾਡੇ ਸੰਗੀਤ ਗੁਰੂ ਸਾਡੇ ਪਿਤਾ ਜੀ ਤੇ ਚਾਚਾ ਜੀ ਨੇ ਸਾਡੇ ਵਿੱਚ ਸੰਗੀਤ ਦੇ ਅਜਿਹੇ ਸੰਸਕਾਰ ਭਰੇ ਕਿ ਸੰਗੀਤ ਨੂੰ ਕਿਸੇ ਨਾਲ ਮੁਕਾਬਲੇ ਵਜੋਂ ਨਾ ਗਉਣਾ, ਨਾ ਸਮਝਣਾ।

ਸੰਗੀਤ ਕੇਵਲ ਭਗਤੀ ਅਤੇ ਪ੍ਰੇਮ ਭਾਵਨਾ ਨਾਲ ਸਿੱਖੋ ਤੇ ਗਾਉ।"

ਸਾਜਨ ਜੀ ਕਹਿੰਦੇ ਹਨ ਕਿ "ਰਾਜਨ ਮੇਰੇ ਬੜੇ ਭਾਈ ਹੈਂ ਔਰ ਪਿਤਾ ਗੁਰੂ ਸਮਾਨ ਥੇ।"

ਰਾਜਨ ਜੀ ਦੱਸਦੇ ਸਨ ਕਿ ਸਾਨੂੰ ਸਭ ਤੋਂ ਪਹਿਲਾਂ ਰਾਗ ਭੈਰਉਂ ਕੀ ਬੰਦਿਸ਼ੇਂ ਸਿਖਾਈ ਗਈਂ ਅਤੇ ਸਾਡਾ ਪਹਿਲਾ ਪ੍ਰੋਗਰਾਮ ਬਨਾਰਸ ਵਿਚ ਸੰਕਟ ਮੋਚਨ ਮੰਦਰ ਵਿੱਚ 4-5 ਹਜ਼ਾਰ ਸ਼ਰਧਾਲੂਆਂ ਦੇ ਸਨਮੁੱਖ ਸੀ।



ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਪੰਡਿਤ ਰਾਜਨ ਮਿਸ਼ਰਾ ਦੇ ਸ਼ਬਦ "ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਕੇ ਲੀਏ ਜੋ ਕੀਆ ਹੈ, ਵੋ ਕੋਈ ਸੰਗੀਤ ਉਸਤਾਦ ਭੀ ਨਹੀਂ ਕਰ ਸਕਤਾ। ਐਸੇ ਸਮੇਂ ਮੇਂ ਆਪ ਜੈਸਾ ਗੁਰੂ ਹੋਣਾ ਬਹੁਤ ਮੁਸ਼ਕਲ ਬਾਤ ਹੈ। ਆਪ ਕੇ ਮਸਤਿਕਸ ਮੇਂ 24 ਘੰਟੇ ਸੰਗੀਤ ਚਲਤਾ ਰਹਿਤਾ ਥਾ। ਹਮਾਰੇ ਪੂਰੇ ਪਰਵਾਰ ਪਰ ਹਮੇਸ਼ਾਂ ਸਤਿਗੁਰੂ ਜੀ ਕੀ ਪੂਰੀ ਕਿਰਪਾ ਰਹੀ ਹੈ ਔਰ ਅਭੀ ਭੀ ਵੋ ਹਮਾਰੇ ਹਿਰਦਯ ਮੇਂ ਹੈਂ ਔਰ ਉਨੀ ਕੀ ਕ੍ਰਿਪਾ ਸੇ ਹਮ ਗਾਤੇ ਹੈਂ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਸ਼ਤਾਬਦੀ ਦੇ ਛੇ ਦਿਨਾਂ ਸਮਾਗਮ ਦੌਰਾਨ ਸ੍ਰੀ ਭੈਣੀ ਸਾਹਿਬ ਵਿਖੇ 29 ਨਵੰਬਰ 2020 ਸ਼ਾਮ ਨੂੰ ਸੰਗੀਤ ਪ੍ਰੋਗਰਾਮ ਸਮੇਂ ਮਿਸ਼ਰਾ ਬੰਧੂਆਂ ਦੀ ਜੋੜੀ ਨੇ ਆਪਣੇ ਗਾਇਨ ਦੁਆਰਾ ਸ੍ਰੀ ਸਤਿਗੁਰੂ ਜੀ ਨੂੰ ਸ਼ਰਧਾ ਪੁਸ਼ਪ ਭੇਂਟ ਕੀਤੇ। ਗਾਇਨ ਆਰੰਭ ਕਰਨ ਤੋਂ ਪਹਿਲਾਂ ਰਾਜਨ ਜੀ ਨੇ ਕਿਹਾ- "ਆਜ ਹਮੇਂ ਬਹੁਤ ਖੁਸ਼ੀ ਹੋ ਰਹੀ ਹੈ, ਹਮ ਅਪਨੇ ਘਰ ਆਏ ਹੈਂ। ਪਹਿਲੇ ਥੋੜੀ ਦੇਰ 'ਸ੍ਰੀ ਰਾਗ, ਗਾਏਂਗੇ, ਫਿਰ ਜੋ ਰਚਨਾਏਂ ਹਮਨੇ ਸ੍ਰੀ ਸਤਿਗੁਰੂ ਜੀ ਸੇ ਸੀਖੀ ਹੈਂ ਵੋ ਤੀਨ-ਚਾਰ ਰਚਨਾਏਂ ਗਾਏਂਗੇ। ਸੰਗੀਤ ਹਮਾਰੀ ਪੂਜਾ ਹੈ ਔਰ ਸ੍ਰੀ ਸਤਿਗੁਰੂ ਜੀ ਕੇ ਚਰਨੋਂ ਮੇਂ ਹਮ ਪੂਜਾ ਅਰਪਨ ਕਰਨੇ ਜਾ ਰਹੇ ਹੈਂ।"

ਸ੍ਰੀ ਮਿਸ਼ਰਾ ਬੰਧੂਆਂ ਦੀ ਜੋੜੀ ਨੇ ਗਾਇਨ ਪੇਸ਼ ਕਰਦਿਆਂ ਵਾਰ-ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਿਤਾਏ ਪਲਾਂ ਦੀਆਂ ਕਈ ਯਾਦਾਂ ਸਾਂਝੀਆਂ ਕੀਤੀਆਂ- "ਏਕ ਬਾਰ ਜੀਵਨ ਨਗਰ ਮੇਂ ਸੰਗੀਤ ਬੈਠਕ ਮੇਂ ਸ੍ਰੀ ਸਤਿਗੁਰੂ ਜੀ ਸਾਢੇ ਚਾਰ ਘੰਟੇ ਅਕੇਲੇ ਗਾਏ। ਕਹਿਨੇ ਲਗੇ- 'ਮੇਰਾ ਤੋਂ ਰਿਯਾਜ਼ ਨਹੀਂ ਹੈ।' ਹਮਨੇ ਕਹਾ, ਬਿਨਾਂ ਰਿਯਾਜ਼ ਕੇ ਸਾਢੇ ਚਾਰ ਘੰਟੇ ਗਾ ਰਹੇ ਹੈਂ, ਰਿਯਾਜ਼ ਕਰੇਂਗੇ ਤੋ ਕਿਆ ਹੋਗਾ। ਐਸੀ ਉਨਕੇ ਸਾਥ ਬਿਤਾਏ ਪਲੋਂ ਕੀ ਅਨੇਕ ਯਾਦੇਂ ਹੈਂ। ਯਹੀਂ ਭੈਣੀ ਸਾਹਿਬ ਝੂਲੇ ਮੇਂ ਬੈਠੇ ਹੂਏ ਥੇ, ਸਤਿਗੁਰੂ ਜੀ ਕੇ ਸਾਥ ਹਮ ਭੀ ਔਰ ਉਸਤਾਦ ਵਿਲਾਇਤ ਖ਼ਾਨ ਸਾਹਿਬ ਭੀ। ਖ਼ਾਂ ਸਾਹਿਬ ਨੇ ਕਹਾ, "ਹਜ਼ੂਰ, ਰਾਜਨ ਬਣ੍ਹੀਆ, ਸਾਜਨ ਬਣ੍ਹੀਆ ਨੇ ਕਿਤਨਾ ਅੱਛਾ ਗਾਇਆ।"

ਤਾਂ ਸਤਿਗੁਰੂ ਜੀ ਬੋਲੇ "ਇਨਕੀ ਆਦਤ ਹੀ ਹੈ ਅੱਛਾ ਗਾਨੇ ਕੀ।"

ਹਮਾਰੇ ਲੀਏ ਤੋ ਯੇ ਵਚਨ ਵਰਦਾਨ ਹੋ ਗਏ। ਐਸੀ ਉਨਕੀ ਕਿਰਪਾ ਰਹੀ ਹੈ ਹਮਾਰੇ ਊਪਰ। ਦੇਖੇ: ਕੈਸੀ-ਕੈਸੀ ਬੰਦਸ਼ੇ ਹੈਂ ਉਨਕੀ, ਏਕ ਰਾਗ ਮਾਲਕੌਂਸ ਪੰਜਾਬੀ ਠੇਕੇ ਕੀ ਬੰਦਿਸ਼ ਹਮਨੇ ਸੀਖੀ ਸਤਿਗੁਰੂ ਜੀ ਸੇ-

**ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾ ਦੇ**
**ਆਪਣਾ ਤੂੰ ਫ਼ਜ਼ਲ ਕਰੀਂ**
**ਛਿੜੀ ਮੰਝਧਾਰ ਘਾਟ ਨਾ ਆਵੇ ਨੇੜੇ**
**ਨਾ ਬੇੜੀ ਦਾ ਮਲਾਹ।**

ਇਕ ਹੋਰ ਵਾਕਿਆਤ ਸਾਂਝਾ ਕਰਦਿਆਂ ਰਾਜਨ ਜੀ ਨੇ ਦੱਸਿਆ- "ਏਕ ਬਾਰ ਜਬ ਹਮ ਸਤਿਗੁਰੂ ਜੀ ਕੇ ਸਾਥ ਕੀਨੀਆ ਗਏ ਥੇ, ਵਹਾਂ ਸਤਿਗੁਰੂ ਜੀ ਨੇ ਰਾਗ ਮਾਲਕੌਂਸ ਝੱਪ ਤਾਲ ਕੀ ਏਕ ਬੰਦਿਸ਼ ਬਨਾਈ- ਸ਼ਬਦ ਹੈ ਗੁਰਬਾਣੀ ਕਾ-

**ਨਾਨਕ ਬਿਜੁਲੀਆ ਚਮਕੰਨਿ**
**ਘੁਰਨਿ ਘਟਾ ਅਤਿ ਕਾਲੀਆ॥**
**ਬਰਸਨਿ ਮੇਘ ਅਪਾਰ ਨਾਨਕ**
**ਸੰਗਮਿ ਪਿਰੀ ਸੁਹੰਦੀਆ॥**

ਇਸ ਮੇਂ ਸਤਿਗੁਰੂ ਜੀ ਕਾ 'ਸੰਗਮਿ ਪਿਰੀ, ਮੇਂ 'ਰੀ, ਲਗਾਨੇ ਕਾ ਅੰਦਾਜ਼ ਅਦਭੁਤ ਥਾ, ਦਿਲ ਕੋ ਚੋਟ ਲਗਤੀ ਥੀ।

ਹਮ ਲੋਗੋਂ ਕਾ ਸੁਭਾਗਯ ਹੈ ਕਿ ਐਸੇ ਮਹਾਨ ਆਤਮਾਓਂ, ਧਰਮ-ਆਤਮਾ ਕੇ ਸਾਥ ਬੈਠਨੇ ਕਾ ਸੁਅਵਸਰ ਮਿਲਾ। ਕੈਸੇ ਸਿੱਧ-ਪੁਰਸ਼ ਥੇ ਸਤਿਗੁਰੂ ਜੀ। ਜੋ ਚਾਹਤੇ ਥੇ

ਵੋਹ ਹੋ ਜਾਤਾ ਥਾ। ਜਿਸਕੋ ਅਸ਼ੀਰਵਾਦ ਦੇ ਦੀਆ ਵੋ ਹੋ ਗਯਾ। ਹਮ ਲੋਗ ਉਨਮੇਂ ਸੇ 'ਏਕ, ਹੈਂ। ਉਨਹੋਂ ਨੇ ਥਾਪੜਾ ਦੀਆ ਤੋ ਆਜ ਹਮ ਪੂਰੇ ਵਿਸ਼ਵ ਮੇਂ ਗਾ ਬਜਾ ਰਹੇ ਹੈਂ। ”

ਇਸ ਸੰਗੀਤ ਸਭਾ 'ਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਰਾਜਨ ਜੀ ਦੀ ਆਖ਼ਰੀ ਪੇਸ਼ਕਾਰੀ ਸੀ– ਅਖੀਰ ਆਪ ਨੇ ਕਿਹਾ– “ਅਬ ਅੰਤ ਮੇਂ ਸਤਿਗੁਰੂ ਜਗਜੀਤ ਸਿੰਘ ਜੀ ਕੇ ਚਰਨੋਂ ਮੇਂ– ਸਤਿਗੁਰੂ ਜੀ ਕੀ ਉਸਤਤਿ ਮੇਂ ਉਨਕਾ ਸ਼ੋਭਾ ਕੀ ਪਰਕਰਮਾ ਕਰਤਾ ਹੂਆ ਏਕ ਭਜਨ ਗਾਏਂਗੇ–

**ਸਾਧੋ ਐਸਾ ਹੀ ਗੁਰੂ ਭਾਵੇ,**
**ਜੋ ਰਾਮ ਰੰਗ ਕਾ ਭਰ ਭਰ ਪਿਆਲਾ,**
**ਪੀਵੇ ਔਰ ਪਿਲਾਵੇ।**




**ਨਾਦ ਛਿਪਾ ਤਨ ਮੇਂ, ਲਯ ਮਨ ਮੇਂ**
**ਕੋਊ ਪਤਾ ਨਾ ਪਾਵੇ।**
**ਚਾਂਦ ਸੂਰਜ ਕਾ ਲੋਚਨ ਗੁਰੂ ਕਾ**
**ਦੇਖੇ ਔਰ ਦਿਖਾਵੇ।**
**ਪਰਮ ਹੰਸ ਗੁਰੂ, ਅੰਸ ਰੂਪ ਜਬ**
**ਹਿਰਦੇ ਬੀਚ ਬਿਰਾਜੇ**
**ਸਾਤ ਸੁਰੋਂ ਕੀ ਬਾਣੀ ਮੇਰੀ**
**ਓਮਕਾਰ ਧੁਨ ਗਾਵੇ।** ”

ਅੰਤਲਾ ਭਜਨ ਮਿਸ਼ਰਾ ਬੰਧੂਆਂ ਨੇ ਐਸੇ ਭਗਤੀ ਭਾਵ ਨਾਲ ਗਾਇਆ ਕਿ ਗਾਇਕ ਵੀ ਅਤੇ ਸਮੁੱਚੀ ਸੰਗਤ ਵੀ ਪ੍ਰੇਮਾ–ਭਗਤੀ ਦੀ ਰੰਗਣ ਵਿਚ ਵਿਸਮਾਦ ਅਵਸਥਾ ਵਿੱਚ ਪੁੱਜ ਗਈ। ਭਜਨ ਸੰਪੂਰਨ ਹੋਇਆ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਾਕਸ਼ਾਤ ਮਹਿਸੂਸ ਕਰਦਿਆਂ ਗਾਇਨ ਬੰਧੂਆਂ ਅਤੇ ਸਾਰੀ ਸੰਗਤ ਦੇ ਹੱਥ ਜੁੜ ਗਏ ਅਤੇ ਸੀਸ ਝੁਕ ਗਏ।

**'ਜੋਤੀ ਜੋਤਿ ਮਿਲੀ ਜਲ ਕਾ ਜਲ ਹੂਆ'–**

ਗੁਰਵਾਕ ਅਨੁਸਾਰ ਅਜ ਜਦੋਂ ਰਾਜਨ ਜੀ ਆਪਣੇ ਜੀਵਨ ਦੀ ਸੰਗੀਤਕ ਯਾਤਰਾ ਸੰਪੂਰਨ ਕਰਕੇ ਅਨਹਦ ਨਾਦ ਵਿੱਚ ਸਮਾ ਗਏ ਹਨ ਤਾਂ ਉਨ੍ਹਾਂ ਦੇ ਜੀਵਨ ਦੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਆਖ਼ਰੀ ਸੰਗੀਤਕ ਪੇਸ਼ਕਾਰੀ ਦੀਆਂ ਕੁਝ ਯਾਦਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ।

ਰਾਜਨ ਜੀ ਵਾਸਤੇ ਸੰਗੀਤ ਇੱਕ ਤਪੱਸਿਆ ਸੀ, ਸਾਧਨਾ ਸੀ, ਭਗਤੀ ਸੀ। ਆਪ ਦੀ ਇੱਕ ਇੰਟਰਵਿਊ 'ਚੋਂ ਕੁਝ ਆਪਦੇ ਸ਼ਬਦ ਸੰਗਤਾਂ ਨਾਲ ਸਾਂਝੇ ਕਰਦਾ ਹਾਂ–

“ਸੰਗੀਤ ਪ੍ਰਭੂ ਭਗਤੀ ਕਾ ਏਕ ਐਸਾ ਮਾਧਿਅਮ ਹੈ ਕਿ ਹਮਾਰੇ ਅੰਦਰ ਸੇ ਪ੍ਰਭੂ ਹੀ ਗਾਤਾ ਹੈ। ਜਬ ਹਮ ਮਿਟ ਜਾਤੇ ਹੈਂ ਤੋ ਈਸ਼ਵਰ ਹਮਾਰੇ ਹਿਰਦਯ ਮੇਂ, ਹਮਾਰੇ ਗਾਇਨ ਮੇਂ ਪ੍ਰਵੇਸ਼ ਕਰ ਜਾਤਾ ਹੈ। ਜਬ ਹਮਾਰੀ ਹਸਤੀ ਆ ਜਾਤੀ ਹੈ ਤੋ ਈਸ਼ਵਰ ਚਲਾ ਜਾਤਾ ਹੈ। ਇਸ ਲੀਏ ਪ੍ਰੇਮ ਔਰ ਭਗਤੀ ਭਾਵ ਸੇ ਈਸ਼ਵਰ ਕੋ ਹਿਰਦਯ ਮੇਂ ਬਸਾ ਕਰ ਗਾਨੇ ਸੇ ਮੋਕਸ਼ ਕੀ ਪ੍ਰਾਪਤੀ ਹੋਤੀ ਹੈ। ”

“ਤੀਸ ਵਰਸ਼ੋਂ ਕੀ ਸਾਧਨਾ ਕੇ ਬਾਅਦ ਮੁਝੇ ਅਹਿਸਾਸ ਹੂਆ ਕਿ ਮੈਂ ਸਵਰ ਕੋ ਕੁਝ ਸਾਧ ਪਾਇਆ ਹੂੰ, ਕਿਉਂਕਿ ਸਵਰ ਏਕ ਐਸੀ ਬਾਰੀਕ ਮਣੀ ਹੈ, ਜਿਸ ਕੋ ਹਮ ਦੇਖ ਨਹੀਂ ਸਕਤੇ, ਕੇਵਲ ਮਹਿਸੂਸ ਕਰ ਸਕਤੇ ਹੈਂ। ਜਬ ‘ਸਵਰ’ ਕੇ ਆਗੇ ‘ਈ’, ਲਗ ਜਾਤਾ ਹੈ ਤੋ ਈਸ਼ਵਰ ਹੋ

ਜਾਤਾ ਹੈ। ਵੋਹ 'ਈ', ਲਗਾਨੇ ਕੇ ਲੀਏ ਅਪਨੇ ਆਪ ਕੋ ਮਿਟਾਨਾ ਪੜਤਾ ਹੈ।"

ਮਿਸ਼ਰਾ ਬੰਧੂ ਬਨਾਰਸ ਘਰਾਣੇ ਦੇ ਖਯਾਲ ਗਾਇਕੀ ਦੇ ਸਿੱਧ। ਹਸਤ ਸਨ- ਰਾਜਨ ਜੀ ਨੇ ਕਿਹਾ- "ਖਯਾਲ ਗਾਇਕੀ ਅਧਿਆਤਮ ਸੇ ਜੁੜੀ ਗਾਇਕੀ ਹੈ। ਇਸ ਮੇਂ ਜੋ ਰਾਗ ਹੋਤਾ ਹੈ, ਉਸਕੀ ਏਕ ਮਰਿਆਦਾ ਹੋਤੀ ਹੈ। ਵਾਦੀ, ਸੰਵਾਦੀ ਹੋਤਾ ਹੈ, ਉਸ ਦਾਇਰੇ ਮੇਂ ਏਕ ਰਚਨਾ ਕੀ ਜਾਤੀ ਹੈ। ਔਰ ਇਸ ਰਚਨਾ ਕੋ ਗਾਇਕ ਨੇ ਏਕ ਡੇਢ ਘੰਟੇ ਤਕ ਲੇ ਜਾਨਾ ਹੋਤਾ ਹੈ।"

ਰਾਜਨ ਜੀ ਨੇ ਆਪਣੇ ਸੰਗੀਤ ਗੁਰੂ ਗਾਇਨਾਚਾਰਯ ਪੰਡਿਤ ਬੜੇ ਰਾਮਦਾਸ ਜੀ ਬਾਰੇ ਆਖਦੇ ਹਨ-

"ਹਮਾਰੇ ਏਕ ਪਰੰਪਰਾ ਥੀ, ਏਕ ਜੋ ਔਪਚਾਰਿਕ ਦੀਕਸ਼ਾ ਦੀ ਜਾਤੀ ਥੀ ਜਿਸਕੋ ਹਮ ਗੰਢਾ- ਬੰਧਨ ਕਹਤੇ ਹੈਂ- ਵੋ ਹਮਾਰਾ ਗੰਢਾ-ਬੰਧਨ (ਦੀਕਸ਼ਾ) ਪੰਡਿਤ ਬੜੇ ਰਾਮਦਾਸ ਜੀ ਸੇ ਹੂਆ। ਵੋ ਬਹੁਤ ਬੜੇ ਸੰਤ ਗਾਇਕ ਥੇ। ਪਰ ਤਾਲੀਮ ਹਮਨੇ ਆਪਨੇ ਪਿਤਾ ਜੀ ਔਰ ਚਾਚਾ ਜੀ ਸੇ ਲੀ। ਉਨਹੋਂ ਨੇ ਹਮੇਂ ਹਰ ਕਦਮ ਪੇ ਸਿਖਾਇਆ। ਇਸ ਲੀਏ ਮੈਂ ਜੋ ਭੀ ਰਚਨਾ ਕਰਤਾ ਹੂੰ ਵੋ ਆਪਨੇ ਗੁਰੁਦੇਵ ਪੰਡਿਤ ਬੜੇ ਰਾਮਦਾਸ ਜੀ ਕੇ ਨਾਮ ਹੀ ਕਰਤਾ ਹੂੰ, ਉਨਕੋ ਹੀ ਸਮਰਪਿਤ ਕਰਤਾ ਹੂੰ। ਕਿਉਂਕਿ ਕੋਈ ਭੀ ਰਚਨਾ ਬੰਦਿਸ਼ ਗੁਰੂ ਕੇ ਚਰਨੋਂ ਕੇ ਪ੍ਰਸਾਦ ਸੇ ਹੀ ਆਤੀ ਹੈ। ਉਸਕੋ ਸੋਚ ਕਰ ਨਹੀਂ ਬਨਾਇਆ ਜਾਤਾ। ਕਭੀ ਲੰਬੀ ਯਾਤਰਾ ਪਰ ਗਏ। ਪਹਾੜੋਂ ਮੇਂ, ਨਦੀਓਂ ਕੇ ਕਿਨਾਰੇ, ਕਹੀਂ ਕੁਦਰਤ ਕੀ ਗੋਦ ਮੇਂ ਹੋ ਤੋ ਮਸਤਿਕ ਮੇਂ ਸੰਗੀਤ ਹੋ, ਹਿਰਦਯ ਮੇਂ ਗੁਰੂ ਹੋ ਤੋ ਸ਼ਬਦ ਆਪਨੇ ਆਪ ਜੁੜਤੇ ਚਲੇ ਜਾਤੇ ਹੈਂ ਤੋ ਰਚਨਾ ਬਨ ਜਾਤੀ ਹੈ।"

ਮਿਸ਼ਰਾ ਬੰਧੂਆਂ ਨੂੰ ਜੋ ਵਿਰਸੇ ਵਿੱਚ ਉੱਚ ਸੰਸਕਾਰ ਮਿਲੇ ਉਸ ਬਾਰੇ ਆਪ ਦਾ ਕਥਨ ਹੈ- "ਹਮਨੇ 7-8 ਸਾਲ ਕੀ ਆਯੂ ਸੇ ਸੰਗੀਤ ਸੀਖਨਾ ਸ਼ੁਰੂ ਕੀਆ, ਹਮਾਰੇ ਸੰਗੀਤ ਗੁਰੂ- ਹਮਾਰੇ ਪਿਤਾ, ਔਰ ਚਾਚਾ ਜੀ ਹਮੇਂ ਐਸੇ ਸੰਸਕਾਰ ਦੀਏ ਕਿ ਸੰਗੀਤ ਕੋ ਕਭੀ ਮੁਕਾਬਲੇ ਕੇ ਤੌਰ ਪਰ ਨਾ ਸਮਝਨਾ, ਨਾ ਹੀ ਮੁਕਾਬਲਾ ਸਮਝ ਕਰ ਗਾਇਨ ਕੀ ਪੇਸ਼ਕਾਰੀ ਕਰਨੀ। ਸੰਗੀਤ ਕੋ ਕੇਵਲ ਪ੍ਰੇਮ, ਸਮਰਪਣ ਔਰ ਭਗਤੀ-ਭਾਵ ਸੇ ਸੀਖਨਾ ਔਰ ਗਾਨਾ। ਹਮ ਅਪਨੇ ਪਿਤਾ, ਚਾਚਾ ਕੋ ਅਪਨਾ ਗੁਰੂ ਮਾਨਤੇ ਹੈਂ।" ਛੋਟੇ ਭਾਈ ਸਾਜਨ ਜੀ ਦੇ ਸ਼ਬਦ ਹਨ। "ਰਾਜਨ ਜੀ ਮੇਰੇ ਬੜੇ ਭਾਈ ਹੈਂ, ਆਪ ਮੇਰੇ ਲੀਏ ਪਿਤਾ ਸਾਮਾਨ ਭੀ ਹੈਂ ਔਰ ਗੁਰੂ ਸਾਮਾਨ ਭੀ।"

ਰਾਜਨ ਜੀ ਦੇ ਸ਼ਬਦ ਸਨ- "ਸੰਗੀਤ ਸੁਣਨੇ ਕਾ ਨਹੀਂ, ਪੀਨੇ ਕਾ ਵਿਸ਼ਯ ਹੈ- ਸੰਗੀਤ ਕੋ ਅੰਮ੍ਰਿਤ ਕੀ ਤਰਹ ਪੀਆ ਜਾਤਾ ਹੈ। ਜਿਸਸੇ ਅੰਤਰ-ਆਤਮਾ ਤ੍ਰਿਪਤ ਹੋ ਜਾਤਾ ਹੈ।"

ਮਿਸ਼ਰਾ ਬੰਧੂਆਂ ਨੂੰ ਸੰਗੀਤ ਦੇ ਨਾਲ-ਨਾਲ ਖੇਡਾਂ ਦਾ ਵੀ ਬਹੁਤ ਸ਼ੌਂਕ ਸੀ- ਕ੍ਰਿਕਟ, ਫੁੱਟਬਾਲ ਦੇ ਆਪ ਵਧੀਆ ਖਿਡਾਰੀ ਸਨ। ਕਾਲਜ ਟਾਈਮ ਰਾਜਨ ਜੀ ਕ੍ਰਿਕਟ ਟੀਮ ਦੇ ਕਪਤਾਨ ਵੀ ਰਹੇ। ਆਪ ਨੇ ਦੇਹਰਾਦੂਨ ਨੇੜੇ ਇਕ 'ਗੁਰੂ-ਕੁਲ' ਵਿਰਾਮ ਬਣਾਇਆ, ਜਿੱਥੇ ਆਪ ਸੁਰ-ਸਾਧਨਾ ਕਰਦੇ ਅਤੇ ਸ਼ਗਿਰਦਾਂ ਨੂੰ ਸਿਖਾਉਂਦੇ। ਆਪ ਨੇ ਇੱਕ 'ਸੁਰ-ਸੰਗਮ' ਫ਼ਿਲਮ ਵਿੱਚ ਵੀ ਗਾਇਆ। ਅਜੋਕੇ ਦੌਰ ਬਾਰੇ ਰਾਜਨ ਜੀ ਨੇ ਕਿਹਾ- "ਆਜ ਪੈਸੇ ਕਾ ਪ੍ਰਭਾਵ ਬਹੁਤ ਬੜ੍ਹਤਾ ਜਾ ਰਿਹਾ ਹੈ। ਇਸ ਮੇਂ ਜੋ ਕੰਜ਼ਿਊਮਰ ਕਲਚਰ ਜੋ ਫੋਰਸਫੁਲੀ ਲਾਯਾ ਜਾ ਰਹਾ ਹੈ। ਯੇ ਏਕ ਦੁਖਦਾਈ ਛੰਣ ਹੈ। ਹਮੇਂ ਅਪਨੀ ਜੜੋਂ ਸੇ ਜੁੜੇ ਰਹਨਾ ਹੈ ਕਿਉਂਕਿ ਉਸੀ ਜੜ ਸੇ ਹਮ ਪੂਰੇ ਵਿਸ਼ਵ ਮੇਂ ਜਾਨੇ ਜਾਤੇ ਹੈਂ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਾਸਤਰੀ ਸੰਗੀਤ ਦੀ ਉੱਚ ਕਲਾਤਮਕ ਵੰਨਗੀ ਨੂੰ ਗੁਰਮਤਿ ਸੰਗੀਤ ਵਾਸਤੇ ਇਲਾਹੀ ਗੁਰਬਾਣੀ ਦੇ ਕੀਰਤਨ ਵਾਸਤੇ ਸੁਰੱਖਿਅਤ ਕਰਨ ਲਈ ਵੱਡੇ ਸੰਗੀਤਾਚਾਰਯ ਉਸਤਾਦਾਂ ਪਾਸ ਆਪਣੇ ਸਿਖਿਆਰਥੀ ਭੇਜੇ। ਸੰਨ 1977 ਈ. ਵਿੱਚ ਆਪ ਜੀ ਨੇ ਆਪਣੇ ਦੋ ਨਾਮਧਾਰੀ ਬੱਚੇ ਮੋਹਨ ਸਿੰਘ ਅਤੇ ਸੁਖਦੇਵ ਸਿੰਘ ਨੂੰ ਮਿਸ਼ਰਾ ਬੰਧੂ ਪੰਡਿਤ ਰਾਜਨ-ਸਾਜਨ ਜੀ ਦੇ ਸ਼ਾਗਿਰਦ ਬਣਾਇਆ।

ਪੰਡਿਤ ਰਾਜਨ ਮਿਸ਼ਰਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਜੇ-ਨਿਵਾਜੇ, ਪਿਆਰੇ-ਦੁਲਾਰੇ ਅਤੇ ਮਾਣੇ-ਸਤਿਕਾਰੇ ਮਹਾਨ ਸੰਗੀਤਾਚਾਰਯ ਸਨ। ਆਪ ਬਹੁਤ ਵੱਡੇ ਕਲਾਕਾਰ ਹੋਣ ਦੇ ਨਾਲ-ਨਾਲ ਇੱਕ ਨੇਕ, ਨਿਰਮਾਣ ਅਤੇ ਸੱਜਣ ਪੁਰਸ਼ ਸਨ।

ਅੰਤਰ-ਨਾਦ ਤੋਂ ਬ੍ਰਹਮਨਾਦ ਤੱਕ ਦੀ ਸੰਗੀਤਕ ਯਾਤਰਾ ਸੰਪੂਰਨ ਕਰਕੇ ਪੰਡਿਤ ਰਾਜਨ ਮਿਸ਼ਰਾ ਜੀ ਪਰਮ ਪੁਰਖ ਪਰਮੇਸ਼ਰ ਦੇ ਚਰਨਾਂ ਵਿਚ ਜਾ ਬਿਰਾਜੇ ਹਨ।

ਮਿਸ਼ਰਾ ਬੰਧੂ ਪੰਡਿਤ ਰਾਜਨ-ਸਾਜਨ ਮਿਸ਼ਰਾ ਜੀ ਦੀ ਜੋੜੀ ਨੂੰ ਅਨੇਕਾਂ ਮਾਣ ਸਨਮਾਨ ਮਿਲੇ। ਜਿਨ੍ਹਾਂ 'ਚੋਂ ਕੁਝ ਵਿਸ਼ੇਸ਼ ਵਰਨਣਯੋਗ ਹਨ-

1 ਗੰਧਰਵ ਨੈਸ਼ਨਲ ਐਵਾਰਡ 1994-95
2 ਸੰਗੀਤ ਨਾਟਕ ਅਕੈਡਮੀ ਐਵਾਰਡ 1998 ਈ.
3 ਪਦਮ ਭੂਸ਼ਨ 2007 ਈ.
4 ਨੈਸ਼ਨਲ ਤਾਨਸੈਨ ਸਨਮਾਨ 2011-12 ਈ.

...........................................................

# ਕਿਸਾਨ ਕਾਫ਼ਲਾ : ਜਾਗਰੂਕਤਾ ਦਾ ਸਫ਼ਰ
## (ਇੱਕ ਮੁਲਾਕਾਤ)



ਮਾਲਵਿੰਦਰ ਮਾਨ
98786-16833

ਇਹ ਮੁਲਾਕਾਤ ਮਾਲਵਿੰਦਰ ਮਾਨ ਹੁਰਾਂ ਨੇ ਮਨਜਿੰਦਰ ਸਿੰਘ ਰੰਧਾਵਾ ਨਾਲ ਕੀਤੀ। ਮਨਜਿੰਦਰ ਸਿੰਘ ਨੇ ਆਪਣੇ ਸਾਥੀ ਸੁਖਜਿੰਦਰ ਸਿੰਘ ਗਿੱਲ ਨਾਲ ਭਾਰਤ ਦਾ ਇੱਕ ਲੰਮਾ ਸਫ਼ਰ ਤੈਅ ਕੀਤਾ। ਇਹ ਸਫ਼ਰ 8 ਜਨਵਰੀ ਤੋਂ ਸ਼ੁਰੂ ਕਰਕੇ 16 ਅਪ੍ਰੈਲ ਨੂੰ ਖ਼ਤਮ ਕੀਤਾ। ਇਸ ਦਰਿਮਆਨ ਉਨ੍ਹਾਂ 19000 ਕਿਲੋਮੀਟਰ ਸਫ਼ਰ ਤੈਅ ਕੀਤਾ। ਉਨ੍ਹਾਂ ਭਾਰਤ ਦੀਆਂ ਵੱਖ-ਵੱਖ ਸਟੇਟਾਂ (U.P., ਬਿਹਾਰ, ਬੰਗਾਲ, ਅਸਾਮ, ਉੜੀਸਾ, ਆਂਧਰਾ, ਕਰਨਾਟਕਾ, ਮਹਾਂਰਾਸਟਰ, ਤਮਿਲਨਾਡੂ, ਗੁਜਰਾਤ, ਰਾਜਸਥਾਨ ਆਦਿ) ਦੇ ਕਿਸਾਨਾਂ ਨੂੰ ਕਿਸਾਨੀ ਕਾਨੂੰਨਾਂ ਤੋਂ ਜਾਣੂੰ ਕਰਵਾਇਆ।

**ਸੰਪਾਦਕ**

ਕਿਸਾਨ ਕਾਫ਼ਲਾ ਤੋਂ ਮੁਰਾਦ ਇੱਕ ਐਸੇ ਸਫ਼ਰ ਤੋਂ ਹੈ, ਜੋ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨ ਪੋਹ-ਮਾਘ ਦੀਆਂ ਰਾਤਾਂ ਵਿੱਚ ਆਪਣੇ ਹੱਕ-ਹਕੂਕ ਦੀ ਲੜਾਈ ਦਾ ਇਮਤਿਹਾਨ ਦੇ ਰਹੇ ਸਨ ਤਾਂ ਚੰਡੀਗੜ੍ਹ ਵਿੱਚ ਰਹਿੰਦੇ ਦੋ ਦੋਸਤਾਂ ਵੱਲੋਂ ਸ਼ੁਰੂ ਕੀਤਾ ਗਿਆ ਅਜਿਹਾ ਸਫ਼ਰ ਹੈ, ਜਿਸ ਦਾ ਅਸਲ ਮਕਸਦ ਪੰਜਾਬ-ਹਰਿਆਣਾ ਤੋਂ ਜੁਦਾ ਮੁਲਕ ਦੇ ਹੋਰ ਰਾਜਾਂ ਦੇ ਕਿਸਾਨਾਂ ਨੂੰ ਖੇਤੀ ਕਾਨੂੰਨਾਂ ਸੰਬੰਧੀ ਉਨ੍ਹਾਂ ਦੇ ਭਰਮ-ਭੁਲੇਖੇ ਦੂਰ ਕਰਕੇ ਸਹੀ ਜਾਣਕਾਰੀ ਮੁਹੱਈਆ ਕਰਵਾਉਣਾ ਅਤੇ ਕਿਸਾਨੀ ਕਾਨੂੰਨਾਂ ਦੀ ਸਾਫ਼ ਤਸਵੀਰ ਨੂੰ ਉਨ੍ਹਾਂ ਅੱਗੇ ਰੱਖ ਕੇ ਪੰਜਾਬ-ਹਰਿਆਣਾ ਦੇ ਜੂਝ ਰਹੇ ਕਿਸਾਨਾਂ ਨਾਲ ਜੋੜ ਕੇ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕਰਨਾ ਸੀ। ਇਸ ਪਹਿਲ ਕਦਮੀ ਵਿੱਚ ਦੋ ਨਾਮ ਮਨਜਿੰਦਰ ਸਿੰਘ ਰੰਧਾਵਾ ਅਤੇ ਸੁਖਜਿੰਦਰ ਸਿੰਘ ਗਿੱਲ ਅਹਿਮ ਹਨ। ਜਿਨ੍ਹਾਂ ਨੇ ਪੂਰੇ ਮੁਲਕ ਦਾ ਚੱਕਰ ਲਾ ਕੇ ਅਲੱਗ-ਅਲੱਗ ਰਾਜਾਂ ਦੇ ਕਿਸਾਨਾਂ ਅਤੇ ਆਮ ਲੋਕਾਂ ਨਾਲ ਮੁਕਾਲਮੇ, ਮੁਬਾਹਿਸੇ ਕਰਨ ਤੋਂ ਬਾਅਦ ਇਹ ਕੰਮ ਤਕਮੀਲ ਤੱਕ ਪਹੁੰਚਾਇਆ। ਤਕਰੀਬਨ ਹੁਣ ਸਾਢੇ ਤਿੰਨ ਮਹੀਨਿਆਂ ਬਾਅਦ ਇਹ ਸਫ਼ਰ ਪੂਰਾ ਕਰਨ ਤੋਂ ਬਾਅਦ ਵਾਪਸ ਦਿੱਲੀ ਪਰਤੇ ਤਾਂ ਉਨ੍ਹਾਂ ਆਪਣੇ ਇਸ ਸਫ਼ਰ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ।

**ਸਵਾਲ–** ਇਸ ਸਫ਼ਰ ਦੇ ਆਗਾਜ਼ ਦਾ ਖ਼ਿਆਲ ਆਖ਼ਿਰ ਕਿਵੇਂ ਪੈਦਾ ਹੋਇਆ ਜਾਂ ਇਹ ਕਿਵੇਂ ਸੋਚਿਆ ਕਿ ਕੋਈ ਅਜਿਹਾ ਸਫ਼ਰ ਸ਼ੁਰੂ ਕੀਤਾ ਜਾਵੇ, ਜਿਸ ਰਾਹੀਂ ਮੁਲਕ ਦੇ ਬਾਕੀ ਹਿੱਸਿਆਂ ਵਿੱਚ ਜਾ ਕੇ ਖੇਤੀ ਕਾਨੂੰਨਾਂ ਮੁਤੱਅਲਕ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ?

**ਜਵਾਬ–** ਕਿਸਾਨੀ ਕਾਨੂੰਨਾਂ ਦੇ ਵਿਰੋਧ ਵਿੱਚ ਜਦੋਂ ਪੂਰੇ ਪੰਜਾਬ ਵਿਚ ਥਾਂ-ਥਾਂ ਮੋਰਚੇ ਲੱਗ ਰਹੇ ਸਨ। ਪ੍ਰਦਰਸ਼ਨ ਤੇ ਮੁਜ਼ਾਹਰੇ ਹੋ ਰਹੇ ਸਨ ਤਾਂ ਉਸ ਵੇਲੇ ਤੋਂ ਹੀ ਅਸੀਂ ਇਨ੍ਹਾਂ ਮੋਰਚਿਆਂ ਪ੍ਰਦਰਸ਼ਨਾਂ ਦਾ ਹਿੱਸਾ ਬਣੇ ਆ ਰਹੇ ਸਾਂ। ਆਖ਼ਿਰ 26 ਨਵੰਬਰ 2020 ਵਾਲੇ ਦਿਨ ਜਦੋਂ ਕਿਸਾਨ ਆਪਣੇ ਲਾਮ-ਲਸ਼ਕਰ ਸਮੇਤ ਦਿੱਲੀ ਪਹੁੰਚੇ ਤਾਂ ਉਸ ਵਕਤ ਤੋਂ ਲੈ ਕੇ ਤਕਰੀਬਨ ਮਹੀਨਾ-ਡੇਢ ਮਹੀਨਾ ਇੱਥੇ ਵਿਚਰਦਿਆਂ ਜਾਂ ਅਕਸਰ ਦੋਸਤਾਂ-ਮਿੱਤਰਾਂ ਨਾਲ ਚਰਚਾ ਕਰਦਿਆਂ ਇਹ ਖ਼ਿਆਲ ਆਉਂਦਾ ਕਿ ਇਹ ਕਾਨੂੰਨਾਂ ਦੇ ਖ਼ਿਲਾਫ਼ ਆਖ਼ਿਰ ਪੰਜਾਬ-ਹਰਿਆਣਾ ਦੇ ਕਿਸਾਨ ਹੀ ਕਿਉਂ ਲੜ ਰਹੇ ਹਨ ਜਦੋਂ ਕਿ ਇਹ ਲੜਾਈ ਤਾਂ ਪੂਰੇ ਮੁਲਕ ਦੇ ਸਾਰੇ ਲੋਕਾਂ ਦੇ ਲਈ ਬਰਾਬਰ ਦੀ ਹੈ ਤਾਂ ਬਾਕੀ ਮੁਲਕ ਦੇ ਦੂਰ ਦੁਰਾਡੇ ਰਾਜਾਂ ਦੇ ਲੋਕਾਂ ਨੂੰ ਵੀ ਸ਼ਾਮਲ ਹੋ ਕੇ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਬਾਕੀ ਉਸ ਵਕਤ ਮੀਡੀਆ ਵੀ ਖ਼ਾਸ ਕਰ ਪੰਜਾਬ ਦੇ ਕਿਸਾਨਾਂ ਬਾਰੇ ਖ਼ਾਲਿਸਤਾਨ ਦੇ ਹਮਾਇਤੀ ਹੋਣ ਦੇ ਇਲਜ਼ਾਮ ਆਇਦ ਕਰ ਰਿਹਾ ਸੀ। ਜਿਸ ਕਾਰਨ ਵਾਰ-ਵਾਰ ਇਹ ਖ਼ਿਆਲ ਆਉਂਦਾ ਰਿਹਾ ਕਿ ਕੋਈ ਅਜਿਹਾ ਸਫ਼ਰ ਜਾਂ ਕੋਈ ਅਵੇਅਰਨੈੱਸ ਦੀ ਡਰਾਈਵ ਸ਼ੁਰੂ ਕੀਤੀ ਜਾਵੇ, ਜਿਸ ਨਾਲ ਮੁਲਕ ਦੇ ਬਾਕੀ ਹਿੱਸਿਆਂ 'ਚੋਂ ਕਿਸਾਨ ਆ ਕੇ ਇਸ ਦਾ ਹਿੱਸਾ ਬਣਨ ਅਤੇ ਲੋਕਾਂ ਦੇ ਵਿਚ ਇਹਨਾਂ ਕਾਨੂੰਨਾਂ ਮੁਤੱਲਕ ਪ੍ਰਚਾਰੇ ਜਾ ਰਹੇ ਭਰਮ ਭੁਲੇਖੇ ਵੀ ਦੂਰ ਕੀਤੇ ਜਾਣ, ਸੋ ਇਹ ਬੁਨਿਆਦੀ ਗੱਲਾਂ ਸਨ। ਜਿਸ ਕਰਕੇ ਇਸ ਸਫ਼ਰ ਦੀ ਸ਼ੁਰੂਆਤ ਹੋਈ।

**ਸਵਾਲ–** ਜਦੋਂ ਇਸ ਸਫ਼ਰ ਦੀ ਸ਼ੁਰੂਆਤ ਹੋਈ ਤਾਂ ਤੁਹਾਡੀ ਟੀਮ ਵਿੱਚ ਕੁੱਲ ਕਿੰਨੇ ਲੋਕ ਸ਼ਾਮਿਲ ਸਨ ਅਤੇ ਤੁਹਾਡੇ ਸ਼ੁਰੂਆਤੀ ਪੜਾਅ ਕਿਹੜੇ-ਕਿਹੜੇ ਸਨ?

**ਜੁਆਬ–** ਕਿਸਾਨ ਕਾਫ਼ਿਲਾ ਦੀ ਟੀਮ ਵਿਚ ਤਕਰੀਬਨ ਅਸੀਂ ਅੱਠ ਲੋਕ ਸ਼ਾਮਿਲ ਸਾਂ, ਜਿਨ੍ਹਾਂ ਵਿੱਚੋਂ ਕੁਝ ਸਲਾਹ ਮਸ਼ਵਰੇ ਦੇਣ ਅਤੇ ਕੁਝ ਸੋਸ਼ਲ ਮੀਡੀਆ ’ਤੇ ਸਰਗਰਮ ਰਹਿ ਕੇ ਸਾਡੇ ਵੱਲੋਂ ਕੀਤੇ ਜਾ ਰਹੇ ਕੰਮ ਨੂੰ ਹੋਰ ਲੋਕਾਂ ਤੱਕ ਪਹੁੰਚਾਉਣ ਲਈ ਫੇਸਬੁੱਕ ਅਤੇ ਇੰਸਟਾਗ੍ਰਾਮ ਤੇ ਬਣੇ ਕਿਸਾਨ ਕਾਫ਼ਲਾ ਨਾਂ ਦੇ ਪੇਜ ਤੋਂ ਲੋਕਾਂ ਵਿਚ ਇਸ ਕੰਮ ਪ੍ਰਤੀ ਜਾਗ ਲਾਉਣ ਦਾ ਕੰਮ ਕਰ ਰਹੇ ਸਨ। ਹਾਂ, ਇਸ ਸਫ਼ਰ ’ਤੇ ਮਹਿਜ਼ ਅਸੀਂ ਦੋ ਲੋਕ (ਮਨਜਿੰਦਰ ਸਿੰਘ ਰੰਧਾਵਾ ਅਤੇ ਸੁਖਜਿੰਦਰ ਸਿੰਘ ਗਿੱਲ) ਹੀ ਨਿਕਲੇ ਸੀ। ਜੇ ਸਾਡੇ ਸ਼ੁਰੂਆਤੀ ਪੜਾਅ ਦੀ ਗੱਲ ਕਰੀਏ ਤਾਂ ਦਿੱਲੀ ਤੋਂ ਸਾਡਾ ਪਹਿਲਾ ਪੜਾਅ ਯੂ.ਪੀ. ਅਤੇ ਬਿਹਾਰ ਸਨ।

**ਸਵਾਲ–** ਯੂ.ਪੀ. ਅਤੇ ਬਿਹਾਰ ਦੇ ਲੋਕਾਂ ਦਾ ਤੁਹਾਡੇ ਕੰਮ ਪ੍ਰਤੀ ਕਿਹੋ ਜਿਹਾ ਹੁੰਗਾਰਾ ਸੀ?

**ਜੁਆਬ–** ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਯੂ.ਪੀ. ਦੇ ਕੁਝ ਕਿਸਾਨ ਦਿੱਲੀ ਪਹੁੰਚੇ ਹੋਏ ਸਨ, ਪਰ ਵੱਡੀ ਤਾਦਾਦ ਵਿੱਚ ਆ ਰਹੇ ਕਿਸਾਨਾਂ ਨੂੰ ਰੋਕਣ ਲਈ ਪ੍ਰਸ਼ਾਸਨ ਕਈ ਤਰ੍ਹਾਂ ਦੇ ਹੱਥਕੰਡੇ ਅਪਣਾ ਰਿਹਾ ਸੀ। ਜਿਵੇਂ ਸਾਨੂੰ ਯੂ.ਪੀ. ਦੇ ਕਿਸਾਨਾਂ ਨੇ ਦੱਸਿਆ ਕਿ ਪ੍ਰਸ਼ਾਸ਼ਨਿਕ ਅਧਿਕਾਰੀ ਉਨ੍ਹਾਂ ਦੇ ਘਰਾਂ ਵਿੱਚ ਸੁਬਾਹ ਸ਼ਾਮ ਚੱਕਰ ਮਾਰਦੇ ਸਨ ਜਾਂ ਉਨ੍ਹਾਂ ਨੂੰ ਕਿਸੇ ਲੁਕਵੇਂ ਰੂਪ ਵਿੱਚ ਧਮਕਾਇਆ ਜਾਂਦਾ ਸੀ ਤਾਂ ਕਿ ਇਨ੍ਹਾਂ ਲੋਕਾਂ ਦੀ ਕਿਸੇ ਵੀ ਰੂਪ ਵਿੱਚ ਦਿੱਲੀ ਤੱਕ ਰਸਾਈ ਨਾ ਹੋ ਸਕੇ, ਪਰ ਯੂ.ਪੀ. ਦੇ ਕਿਸਾਨਾਂ ਦਾ ਕਹਿਣਾ ਸੀ ਕਿ ਅਸੀਂ ਹਰ ਮੁਨਾਸਿਬ ਜ਼ਰੀਏ ਦਿੱਲੀ ਬੈਠੇ ਕਿਸਾਨਾਂ ਦੀ ਮਦਦ ਲਈ ਤਿਆਰ ਹਾਂ। ਕੋਈ ਰਾਸ਼ਨ ਇਕੱਠਾ ਕਰਕੇ ਭੇਜ ਰਿਹਾ ਸੀ ਤੇ ਕੁਝ ਲੋਕ ਇਕੱਠੇ ਹੋ ਕੇ ਦਿੱਲੀ ਬੈਠੇ ਕਿਸਾਨਾਂ ਲਈ ਮਾਲੀ ਮਦਦ ਭੇਜ ਰਹੇ ਸਨ। ਨਾਲ ਹੀ ਇਸੇ ਤਰ੍ਹਾਂ ਯੂ.ਪੀ. ਤੋਂ ਬਾਅਦ ਮੈਂ ਬਿਹਾਰ ਦੇ ਕਿਸਾਨਾਂ ਦੀ ਗੱਲ ਕਰਾਂ ਤਾਂ ਉਨ੍ਹਾਂ ਦੀ ਮਾਲੀ ਹਾਲਤ ਬਹੁਤ ਪਤਲੀ ਹੈ। ਉਨ੍ਹਾਂ ਲਈ ਇਹ ਮੁਨਾਸਿਬ ਹੀ ਨਹੀਂ ਕਿ ਉਹ ਆਪਣੇ ਕਾਰੋਬਾਰ ਤੋਂ ਦੂਰ ਹੋ ਕੇ ਕਿਸੇ ਤਰੀਕੇ ਇਸ ਮੁਹਿੰਮ ਦਾ ਹਿੱਸਾ ਬਣਨ, ਉਨ੍ਹਾਂ ਦੀ ਸਾਰੇ ਦਿਨ ਦੇ ਹੱਡ ਤੋੜਵੀਂ ਮਿਹਨਤ ਮਹਿਜ਼ ਇਕ ਦਿਨ ਦੀ ਰੋਟੀ ਦਾ ਜ਼ਰੀਆ ਬਣਦੀ ਹੈ। ਇਸ ਦਾ ਮੁੱਖ ਕਾਰਨ ਤਾਂ ਉਨ੍ਹਾਂ ਕੋਲ ਜ਼ਮੀਨ ਦੀ ਘਾਟ ਹੈ। ਜਿਸ ਕਰਕੇ ਉਨ੍ਹਾਂ ਨੂੰ ਆਪਣਾ ਗੁਜ਼ਾਰਾ ਕਰਨ ਲਈ ਮਜ਼ਦੂਰੀ ਵੀ ਕਰਨੀ ਪੈਂਦੀ ਹੈ। ਉਥੋਂ ਦੇ ਕਿਸਾਨਾਂ ਨੂੰ ਇਨ੍ਹਾਂ ਕਾਨੂੰਨਾਂ ਸਬੰਧੀ ਨਾ-ਮਾਤਰ ਜਾਣਕਾਰੀ




ਮਨਜਿੰਦਰ ਸਿੰਘ ਰੰਧਾਵਾ

ਸੀ। ਉਨ੍ਹਾਂ ਦੀ ਜਾਣਕਾਰੀ ਟੀ.ਵੀ. ਦੁਆਰਾ ਕੀਤੇ ਜਾ ਰਹੇ ਪ੍ਰਚਾਰ ਨਾਲ ਹੀ ਮਿਲਦੀ ਜੁਲਦੀ ਸੀ। ਇਸੇ ਤਰ੍ਹਾਂ ਬਿਹਾਰ ਵਿੱਚ ਇੱਕ ਜਗ੍ਹਾ ਇਕ ਪ੍ਰਿੰਸੀਪਲ ਸਾਹਿਬ ਮਿਲੇ ਉਨ੍ਹਾਂ ਨੂੰ ਕਾਨੂੰਨਾਂ ਸੰਬੰਧੀ ਕੁਝ ਹੱਦ ਤੱਕ ਜਾਣਕਾਰੀ ਸੀ। ਪਰ ਬਾਕੀ ਉਨ੍ਹਾਂ ਦੀ ਵੀ ਰਾਏ ਮੀਡੀਆ ਅਨੁਸਾਰ ਹੀ ਸੀ। ਉਨ੍ਹਾਂ ਨਾਲ ਕਾਫ਼ੀ ਚਰਚਾ ਹੋਣ ਤੋਂ ਬਾਅਦ ਉਨ੍ਹਾਂ ਦਾ ਹੁੰਗਾਰਾ ਬੜਾ ਹਾਂ ਪੱਖੀ ਸੀ ਅਤੇ ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਆਪਣੇ ਪੱਧਰ ’ਤੇ ਇਨ੍ਹਾਂ ਕਾਨੂੰਨਾਂ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨਗੇ।

**ਸਵਾਲ–** ਇਸ ਸਫ਼ਰ ਦੌਰਾਨ ਤੁਹਾਡੇ ਕੰਮ ਕਰਨ ਦੇ ਢੰਗ ਤਰੀਕੇ ਕੀ ਸਨ?

**ਜੁਆਬ–** ਇਸ ਸਫ਼ਰ ਦੌਰਾਨ ਜੇਕਰ ਸ਼ਹਿਰ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਕਿਸੇ ਸੜਕ ਕਿਨਾਰੇ ਬੈਨਰ ਲਾ ਕੇ ਖਲੋ ਜਾਣਾ ਜਾਂ ਭੀੜ ਵਾਲੀਆਂ ਥਾਵਾਂ ਉਤੇ ਇਕੱਠੇ ਹੋਏ ਲੋਕਾਂ ਨੂੰ ਜ਼ਰੂਰੀ ਵਸਤਾਂ ਦੇ ਭੰਡਾਰੀਕਰਨ ਸੰਬੰਧੀ ਕਾਨੂੰਨ ਬਾਰੇ ਉਨ੍ਹਾਂ ਵਿੱਚ ਪੈਂਫਲਿਟ ਵੰਡ ਕੇ ਜਾਂ ਉਨ੍ਹਾਂ ਨਾਲ ਮੁਕਾਲਮਾ ਕਰ ਕੇ ਤਿੰਨ ਖੇਤੀ ਕਾਨੂੰਨਾਂ ਸਬੰਧੀ ਜਾਣਕਾਰੀ ਸਾਂਝੀ ਕਰਦੇ ਸਾਂ। ਇਸ ਤਰ੍ਹਾਂ ਦਿਹਾਤੀ ਇਲਾਕਿਆਂ ਵਿੱਚ ਜਾ ਕੇ ਕਿਸੇ ਪਿੰਡ ਦੀ ਸੱਥ ਜਾਂ ਖੇਤਾਂ ਵਿੱਚ ਕੰਮ ਕਰ ਰਹੇ ਕਿਸਾਨਾਂ ਨਾਲ ਬੈਠ ਕੇ ਖੇਤੀ ਕਾਨੂੰਨਾਂ A.P.M.C. ਮੰਡੀਆਂ ਅਤੇ M.S.P. ਸਬੰਧੀ ਵਿਚਾਰ ਚਰਚਾ ਕਰਕੇ ਉਨ੍ਹਾਂ ਨੂੰ ਇਨ੍ਹਾਂ ਦੀ ਮਹੱਤਤਾ ਤੋਂ ਜਾਣੂੰ ਕਰਾਇਆ ਜਾਂਦਾ ਸੀ। ਇਸ ਤਰੀਕੇ ਕਿਸੇ ਢਾਬੇ ’ਤੇ ਇਕੱਠੇ ਹੋਏ ਬੈਠੇ ਲੋਕਾਂ ਨਾਲ ਵਾਰਤਾਲਾਪ ਕੀਤੀ

ਜਾਂਦੀ। ਖ਼ਾਸ ਕਰ ਇਸ ਦੌਰਾਨ ਅਸੀਂ ਮਹਿਸੂਸ ਕੀਤਾ ਇਹ ਸਾਡੇ ਦੁਆਰਾ ਕੀਤੇ ਜਾ ਰਹੇ ਕੰਮ ਨੂੰ ਟਰੱਕ ਚਲਾਉਣ ਵਾਲਾ ਭਾਈਚਾਰਾ ਵੀ ਹੋਰ ਬਿਹਤਰ ਤਰੀਕੇ ਨਾਲ ਅੰਜਾਮ ਤਕ ਲੈ ਜਾ ਸਕਦਾ ਹੈ ਕਿਉਂਕਿ ਟਰੱਕ ਮੁਲਕ ਦੇ ਅਲੱਗ-ਅਲੱਗ ਰਾਜਾਂ ਖ਼ਿੱਤਿਆਂ ਵਿੱਚੋਂ ਗੁਜ਼ਰਦੇ ਹਨ। ਇਸ ਕਰਕੇ ਇਸ ਵਿਚਾਰ ਤਹਿਤ ਅਸੀਂ ਉਨ੍ਹਾਂ ਨੂੰ ਅਲੱਗ ਜ਼ੁਬਾਨ ਦੇ ਪੈਂਫਲਿਟ ਸਟਿੱਕਰ ਉਨ੍ਹਾਂ ਨੂੰ ਅੱਗੇ ਵੰਡਣ ਲਈ ਦੇ ਦਿੰਦੇ ਸਾਂ।

ਬਾਕੀ ਸਾਡੀ ਕਾਰ ਸਾਡੇ ਪ੍ਰਚਾਰ ਦਾ ਅਹਿਮ ਜ਼ਰੀਆ ਸੀ ਕਿਉਂਕਿ ਸਾਡੀ ਕਾਰ ਵਿੱਚ ਹੀ ਸਾਡਾ ਸੌਣ ਲਈ ਬੈੱਡ ਬਣਿਆ ਹੋਇਆ ਸੀ ਅਤੇ ਵਿੱਚ ਇੱਕ ਛੋਟੀ ਜਿਹੀ ਰਸੋਈ ਬਣੀ ਹੋਈ ਸੀ, ਜਿਸ ਨਾਲ ਸਾਡੇ ਖਾਣ ਪਕਾਉਣ ਵਿੱਚ ਕੋਈ ਮੁਸ਼ਕਲ ਨਹੀਂ ਸੀ ਆਉਂਦੀ ਅਤੇ ਕਾਰ ਦੇ ਬਾਹਰੀ ਹਿੱਸਿਆਂ ਉੱਪਰ ਪੂਰੀ ਤਰ੍ਹਾਂ ਖੇਤੀ ਕਾਨੂੰਨਾਂ ਸੰਬੰਧੀ ਸਟਿੱਕਰ ਚਿਪਕਾਏ ਹੋਏ ਸਨ। ਕਈ ਵਾਰ ਕੁਝ ਲੋਕ ਕਾਰ ਦੇ ਸਟਿੱਕਰ ਦੇਖ ਕੇ ਸਾਨੂੰ ਸਵਾਲ ਕਰ ਲੈਂਦੇ ਤਾਂ ਉਨ੍ਹਾਂ ਨਾਲ ਗੱਲਬਾਤ ਦਾ ਰਸਤਾ ਆਪਣੇ ਆਪ ਨਿਕਲ ਆਉਂਦਾ ਸੀ।

**ਸਵਾਲ–** ਜਿਵੇਂ ਸਾਡੇ ਮੁਲਕ ਵਿੱਚ ਜ਼ੁਬਾਨਾਂ ਦੀ ਬਹੁ ਵੰਨ-ਸੁਵੰਨਤਾ ਹੈ, ਹਰ ਰਾਜ ਅਤੇ ਖ਼ਿੱਤਿਆਂ ਦੀਆਂ ਅਲੱਗ-ਅਲੱਗ ਜ਼ੁਬਾਨਾਂ ਹਨ ਤਾਂ ਜ਼ਾਹਿਰ ਹੈ ਕਿ ਇਸ ਦੌਰਾਨ ਗੱਲਬਾਤ ਕਰਦੇ ਸਮੇਂ ਭਾਸ਼ਾਈ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੋਵੇਗਾ?

**ਜਵਾਬ–** ਜੀ ਬਿਲਕੁਲ, ਇਸ ਮੁਸ਼ਕਲ ਦੀ ਨਿਜਾਤ ਲਈ ਅਸੀਂ ਸਭ ਤੋਂ ਪਹਿਲਾਂ ਕਿਸੇ ਸ਼ਹਿਰ ਦੀ ਯੂਨੀਵਰਸਿਟੀ ਜਾਂ ਕਾਲਜ ਵਿੱਚ ਚਲੇ ਜਾਂਦੇ। ਉੱਥੇ ਪੜ੍ਹਨ ਵਾਲੇ ਵਿਦਿਆਰਥੀਆਂ ਨਾਲ ਖੁੱਲ੍ਹ ਕੇ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਵਿੱਚੋਂ ਕਿਸੇ ਦੇ ਰਾਜ਼ੀ ਹੋਣ ਉਪਰੰਤ ਉਸ ਨੂੰ ਟਰਾਂਸਲੇਟਰ ਦੇ ਤੌਰ 'ਤੇ ਆਪਣੇ ਨਾਲ ਲੈ ਕੇ ਦਿਹਾਤੀ ਇਲਾਕਿਆਂ ਵਿੱਚ ਚਲੇ ਜਾਂਦੇ ਜਾਂ ਸੜਕ ਉੱਪਰ ਪੈਦਲ ਜਾ ਰਹੇ ਕਿਸੇ ਵਿਅਕਤੀ ਨੂੰ ਲਿਫਟ ਦੇਣ ਬਹਾਨੇ ਕਾਰ ਵਿੱਚ ਗੱਲਬਾਤ ਦੌਰਾਨ ਉਸ ਤੋਂ ਟਰਾਂਸਲੇਟਰ ਦੇ ਤੌਰ 'ਤੇ ਮਦਦ ਦੇਣ ਲਈ ਰਾਜ਼ੀ ਕਰ ਲੈਂਦੇ ਸਾਂ। ਇਸ ਤਰ੍ਹਾਂ ਸਾਡੇ ਕੋਲ ਖੇਤੀ ਕਾਨੂੰਨਾਂ ਸੰਬੰਧੀ ਜਾਣਕਾਰੀ ਮੁਹੱਈਆ ਕਰਨ ਵਾਲੇ ਪੈਂਫਲਟ ਹੁੰਦੇ ਸਨ। ਅਸੀਂ ਜਿਸ ਰਾਜ ਵਿੱਚ ਜਾਣਾ ਤਾਂ ਸਭ ਤੋਂ ਪਹਿਲਾਂ ਇਹ ਪੈਂਫਲਿਟ ਉਥੋਂ ਦੀ ਜ਼ੁਬਾਨ ਵਿੱਚ ਜਾ ਕੇ ਤਰਜਮਾ ਕਰਵਾ ਲੈਣੇ ਅਤੇ ਫਿਰ ਲੋਕਾਂ ਵਿੱਚ ਤਕਸੀਮ ਕਰਦੇ ਸਾਂ।

**ਸਵਾਲ–** ਹੁਣ ਜਿਵੇਂ ਗੱਲ ਕਰੀਏ ਕਿ ਖੇਤੀ ਕਾਨੂੰਨਾਂ ਨੂੰ ਲੈ ਕੇ ਆਉਣ ਵਾਲੀ ਪਾਰਟੀ ਦੀ ਸਰਕਾਰ ਮੁਲਕ ਦੇ ਬਹੁਤ ਸਾਰੇ ਰਾਜਾਂ ਵਿਚ ਸੱਤਾ ਉਪਰ ਕਾਬਜ਼ ਹੈ ਤਾਂ ਕਿ ਸਫ਼ਰ ਦੌਰਾਨ ਕਿਸੇ ਰਾਜ ਵਿੱਚ ਕਿਸੇ ਤਰ੍ਹਾਂ ਦੀਆਂ ਮੁਸ਼ਕਲਾਂ ਜਾਂ ਦਿੱਕਤਾਂ ਦਾ ਵੀ ਸਾਹਮਣਾ ਕਰਨਾ ਪਿਆ?

**ਜਵਾਬ–** ਜਿਵੇਂ ਬਿਹਾਰ ਤੋਂ ਬਾਅਦ ਉੱਤਰੀ ਪੂਰਬੀ ਸਟੇਟਸ ਦੇ ਸਫ਼ਰ ਦੌਰਾਨ ਸਾਨੂੰ ਕਾਫ਼ੀ ਜਥੇਬੰਦੀਆਂ ਦਾ ਹਾਂ ਪੱਖੀ ਹੁੰਗਾਰਾ ਮਿਲਣ ਤੋਂ ਅਸੀਂ ਸਭ ਨੇ ਮਿਲ ਕੇ ਗੁਹਾਟੀ ਪ੍ਰੈਸ ਕਲੱਬ ਅੱਗੇ ਮੁਜ਼ਾਹਰਾ ਕਰਨ ਦਾ ਫ਼ੈਸਲਾ ਕੀਤਾ ਤਾਂ ਸਾਨੂੰ ਪਤਾ ਲੱਗਾ ਕਿ ਪੁਲਿਸ ਨੇ ਉੱਥੇ ਇਕਦਮ ਹੀ ਧਾਰਾ 144 ਲਗਾ ਦਿੱਤੀ ਅਤੇ ਸਾਨੂੰ ਮੁਜ਼ਾਹਰਾ ਕਰਨ ਤੋਂ ਰੋਕਣਾ ਚਾਹਿਆ। ਪਰ ਉੱਥੋਂ ਦੇ ਲੋਕਾਂ ਦਾ ਹੁੰਗਾਰਾ ਏਨਾ ਹਾਂ ਪੱਖੀ ਸੀ ਕਿ ਉਹ ਲੋਕਾਂ ਨੇ ਸਾਡੇ ਉੱਤੇ ਆਉਣ ਵਾਲੀ ਕਿਸੇ ਵੀ ਮੁਸ਼ਕਲ ਲਈ ਆਪਣੇ ਆਪ ਨੂੰ ਅੱਗੇ ਕੀਤਾ ਅਤੇ ਇਸ ਤਰ੍ਹਾਂ ਸਿੱਕਮ ਵਿਚ ਵੀ ਪੁਲਿਸ ਵੱਲੋਂ ਸਾਨੂੰ ਇੱਕ ਵਾਰ ਪੁੱਛ-ਗਿੱਛ ਲਈ ਤਲਬ ਕੀਤਾ ਗਿਆ। ਇਸੇ ਤਰ੍ਹਾਂ ਦੀਆਂ ਇੱਕਾ ਦੁੱਕਾ ਘਟਨਾਵਾਂ ਹੋਰ ਵੀ ਵਾਪਰੀਆਂ।

**ਸਵਾਲ–** ਜਿਵੇਂ ਹਾਲ ਹੀ ਪੱਛਮੀ ਬੰਗਾਲ ਵਿਚ ਚੋਣਾਂ ਕਾਰਨ ਮਾਹੌਲ ਕਾਫ਼ੀ ਗਰਮਾਇਆ ਹੋਇਆ ਸੀ, ਸਾਡੇ ਕਿਸਾਨ ਆਗੂ ਵੀ ਆਪਣੀ ਸ਼ਮੂਲੀਅਤ ਲਈ ਉੱਥੇ ਪਹੁੰਚੇ ਸਨ ਤਾਂ ਤੁਹਾਡੇ ਪ੍ਰਚਾਰ ਕਰਨ ਦਾ ਤਜ਼ਰਬਾ ਉੱਥੇ ਕਿਸ ਤਰ੍ਹਾਂ ਦਾ ਰਿਹਾ?

**ਜਵਾਬ–** ਪੱਛਮੀ ਬੰਗਾਲ ਦੇ ਹਵਾਲੇ ਨਾਲ ਜੇ ਗੱਲ ਕਰੀਏ ਤਾਂ ਕਿਸਾਨ ਆਗੂਆਂ ਦੇ ਪਹੁੰਚਣ ਤੋਂ ਕਾਫ਼ੀ ਦਿਨ ਪਹਿਲਾਂ ਅਸੀਂ ਆਪਣਾ ਪ੍ਰਚਾਰ ਕਰ ਚੁੱਕੇ ਸਾਂ। ਖ਼ਾਸ ਕਰ ਜਦੋਂ ਅਸੀਂ ਕਲਕੱਤੇ ਪਹੁੰਚੇ ਤਾਂ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸਾਡਾ ਸਾਥ ਬਹੁਤ ਵੱਧ ਚੜ੍ਹ ਕੇ ਦਿੱਤਾ ਅਤੇ ਮੂਲ ਬੰਗਾਲੀ ਲੋਕਾਂ ਦਾ ਹੁੰਗਾਰਾ ਵੀ ਬੜਾ ਸਲਾਹੁਣਯੋਗ ਸੀ। 6 ਫਰਵਰੀ ਨੂੰ ਸੰਯੁਕਤ ਮੋਰਚੇ ਦੁਆਰਾ ਦਿੱਤੇ ਭਾਰਤ ਬੰਦ ਦੇ ਸੱਦੇ 'ਤੇ ਅਸੀਂ ਸਭ ਨੇ ਮਿਲ ਕੇ ਏਸ਼ੀਅਨ ਹਾਈਵੇ ਤਕਰੀਬਨ ਢਾਈ ਘੰਟੇ ਤੱਕ ਬੰਦ ਰੱਖਿਆ ਅਤੇ ਨਾਲ ਹੀ ਉੱਥੋਂ ਦਾ ਲੋਕਲ ਮੀਡੀਆ ਇਕੱਠਾ ਕਰਕੇ ਕਈ ਥਾਵਾਂ 'ਤੇ ਪ੍ਰੈੱਸ ਕਾਨਫਰੰਸਾਂ ਵੀ ਕੀਤੀਆਂ। ਪੱਛਮੀ ਬੰਗਾਲ ਦੇ ਲੋਕਾਂ ਨਾਲ ਖੇਤੀ ਕਾਨੂੰਨਾਂ ਮੁਤੱਲਕ ਕਾਫ਼ੀ ਤਫ਼ਸੀਲ ਵਿੱਚ ਵਿਚਾਰ-ਚਰਚਾ ਕਰਦੇ ਹੋਏ ਉਨ੍ਹਾਂ ਨੂੰ ਖੇਤੀ ਕਾਨੂੰਨਾਂ ਦੇ ਹੋਣ ਵਾਲੇ ਮਾਰੂ ਪ੍ਰਭਾਵਾਂ ਤੋਂ ਸੁਚੇਤ ਕੀਤਾ।

**ਸਵਾਲ–** ਤੁਹਾਡੇ ਵੇਖਣ ਮੁਤਾਬਕ ਮੁਲਕ ਦੇ ਹੋਰ ਰਾਜਾਂ ਵਿੱਚ ਕਿਸਾਨ ਅਜਿਹੀਆਂ ਕਿਹੜੀਆਂ ਮੁਸ਼ਕਲਾਂ ਨਾਲ ਜੂਝ ਰਹੇ ਹਨ, ਜੋ ਪੰਜਾਬ ਤੋਂ ਜੁਦਾ ਹਨ?

**ਜਵਾਬ–** ਮੁਲਕ ਦੇ ਬਹੁਤ ਸਾਰੇ ਰਾਜਾਂ ਵਿੱਚ ਕਿਸਾਨਾਂ ਕੋਲ ਆਪਣੀ ਫ਼ਸਲ ਵੇਚਣ ਲਈ ਕੋਈ ਨਿਸ਼ਚਤ ਮੰਡੀ ਨਹੀਂ ਹੈ, ਜਿਵੇਂ ਤਾਮਿਲਨਾਡੂ ਵਿੱਚ ਇੱਕ ਜਗ੍ਹਾ

ਇੱਕ ਕਿਸਾਨ ਆਪਣੀ ਫ਼ਸਲ ਸੜਕ ਦੇ ਕਿਨਾਰੇ ਰੱਖ ਕੇ ਵੇਚ ਰਿਹਾ ਸੀ ਜਾਂ ਜਿਵੇਂ ਗੁਜਰਾਤ ਦੇ ਰਾਜਕੋਟ ਏਰੀਏ ਦੇ ਜ਼ੀਰਾ ਵੇਚਣ ਵਾਲੇ ਕਿਸਾਨਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਾਨੂੰ ਆਪਣੀ ਫ਼ਸਲ ਵੇਚਣ ਲਈ 400 ਕਿਲੋਮੀਟਰ ਦੂਰ ਉਂਜਾ ਨਾਮ ਦੀ ਜਗ੍ਹਾ 'ਤੇ ਪ੍ਰਾਈਵੇਟ ਵਪਾਰੀਆਂ ਕੋਲ ਜਾਣਾ ਪੈਂਦਾ ਹੈ ਅਤੇ ਉਸ ਤੋਂ ਵੱਧ ਸਾਨੂੰ ਖ਼ਰਚਾ ਪੈ ਜਾਂਦਾ ਹੈ। ਬਾਕੀ ਦੇਸ਼ ਦੇ ਕਾਫ਼ੀ ਹਿੱਸਿਆਂ ਵਿੱਚ ਪਾਣੀ ਦੀ ਸਮੱਸਿਆ ਬਹੁਤ ਵੱਡੀ ਸਮੱਸਿਆ ਹੈ ਤੇ ਫਸਲ ਜ਼ਿਆਦਾਤਰ ਬਾਰਸ਼ 'ਤੇ ਨਿਰਭਰ ਹੈ। ਕਈ ਵਾਰ ਅਨੁਕੂਲ ਹਾਲਾਤ ਵਿੱਚ ਬਾਰਸ਼ ਨਾ ਹੋਣ ਕਾਰਨ ਫਸਲ ਤਬਾਹ ਹੋ ਜਾਂਦੀ ਹੈ ਅਤੇ ਕਿਸਾਨ ਕੰਗਾਲੀ ਦੀ ਹਾਲਤ ਵਿੱਚ ਪਹੁੰਚ ਜਾਂਦੇ ਹਨ। ਉਨ੍ਹਾਂ ਦੀ ਮਾਲੀ ਹਾਲਤ ਵੀ ਐਨੀ ਸਥਿਰ ਨਹੀਂ ਕਿ ਉਹ ਆਪਣੇ ਖੇਤ ਵਿੱਚ ਬੋਰ ਵਰਗੀ ਸਹੂਲਤ ਪੈਦਾ ਕਰ ਸਕਣ। ਮਹਾਂਰਾਸ਼ਟਰ ਦੇ ਕਈ ਇਲਾਕਿਆਂ ਵਿੱਚ ਕਿਸਾਨ ਹਾਲੇ ਵੀ ਲੱਕੜ ਦੇ ਪਹੀਆਂ ਵਾਲੇ ਗੱਡਿਆਂ ਨੂੰ ਆਪਣੇ ਸਾਧਨ ਦੇ ਤੌਰ 'ਤੇ ਇਸਤੇਮਾਲ ਕਰ ਰਹੇ ਹਨ ਅਤੇ ਟਰੈਕਟਰ ਦਾ ਤਸੱਵਰ ਉਨ੍ਹਾਂ ਲਈ ਹਾਲੇ ਕੋਹਾਂ ਦੂਰ ਹੈ। ਜਦੋਂ ਅਸੀਂ ਕਈ ਵਾਰ ਉਨ੍ਹਾਂ ਨਾਲ ਗੱਲਬਾਤ ਕਰਦੇ ਹੋਏ, ਇਸ ਗੱਲ ਦਾ ਜ਼ਿਕਰ ਕਰਦੇ ਕਿ ਅਸੀਂ ਖ਼ੁਦ ਵੀ ਕਿਸਾਨ ਹੀ ਹਾਂ ਤਾਂ ਉਨ੍ਹਾਂ ਲਈ ਇਹ ਗੱਲ ਬੜੀ ਹੈਰਾਨਕੁੰਨ ਸਾਬਤ ਹੁੰਦੀ ਅਤੇ ਉਹ ਸਾਡੀ ਕਾਰ ਵੱਲ ਵੇਖ ਕੇ ਸਾਡੀ ਗੱਲ ਦਾ ਯਕੀਨ ਨਾ ਕਰਦੇ ਹੋਏ ਆਖਦੇ, "ਇੱਕ ਕਿਸਾਨ ਕੋਲ ਆਖ਼ਿਰ ਕਾਰ ਕਿਵੇਂ ਹੋ ਸਕਦੀ ਹੈ, ਤੁਸੀਂ ਲੋਕ ਜ਼ਰੂਰ ਕੁਝ ਨਾ ਕੁਝ ਝੂਠ ਬੋਲ ਰਹੇ ਹੋ।"

**ਸਵਾਲ–** ਇਸ ਪੂਰੇ ਸਫ਼ਰ ਦੌਰਾਨ ਕੋਈ ਦਿਲਚਸਪ ਵਾਕਿਆ ਜਾਂ ਘਟਨਾ ਜੋ ਸਾਂਝੀ ਕਰਨੀ ਚਾਹੋ?

**ਜਵਾਬ–** ਜੀ ਹਾਂ, ਇੱਕ ਵਾਕਿਆ ਯਾਦ ਆ ਰਿਹਾ ਜਦੋਂ ਅਸੀਂ ਨਾਸਿਕ ਦੇ ਇਲਾਕੇ ਵਿੱਚ ਸੜਕ ਤੇ ਜਾ ਰਹੇ ਸਾਂ ਤਾਂ ਰਸਤੇ ਵਿਚ ਇਕ ਆਦਮੀ ਮੋਟਰਸਾਈਕਲ ਖ਼ਰਾਬ ਹੋਣ ਦੀ ਸੂਰਤ ਵਿੱਚ ਮੱਦਦ ਲਈ ਤਲਬਗਾਰ ਨਜ਼ਰਾਂ ਨਾਲ ਆਸੇ ਪਾਸੇ ਵੇਖ ਰਿਹਾ ਸੀ। ਅਸੀਂ ਕਾਰ ਰੋਕ ਲਈ ਤਾਂ ਕੁਝ ਵਕਤ ਬਾਅਦ ਜਦੋਂ ਅਸੀਂ ਉਸ ਦੇ ਮੋਟਰਸਾਈਕਲ ਨੂੰ ਦਰੁਸਤ ਕਰਨ ਵਿੱਚ ਕਾਮਯਾਬ ਹੋਏ, ਉਹ ਆਦਮੀ ਬਹੁਤ ਖੁਸ਼ ਹੋਇਆ ਅਤੇ ਨਾਲ ਅਸੀਂ ਵੀ ਆਪਣੀ ਮਨਸ਼ਾ ਜ਼ਾਹਿਰ ਕੀਤੀ ਕਿ ਅਸੀਂ ਕਿਸ ਮਕਸਦ ਲਈ ਇਹ ਸਫ਼ਰ ਕਰ ਰਹੇ ਹਾਂ। ਫਿਰ ਉਸ ਨੇ ਕਿਹਾ ਕਿ ਮੈਂ ਇੱਕ ਵਿਆਹ ਵਿੱਚ ਸ਼ਾਮਲ ਹੋਣ ਲਈ ਜਾ ਰਿਹਾ ਹਾਂ। ਤੁਸੀਂ ਵੀ ਮੇਰੇ ਨਾਲ ਚੱਲੋ ਅਤੇ ਵਿਆਹ 'ਤੇ ਆਏ ਹੋਏ ਲੋਕਾਂ ਨੂੰ ਖੇਤੀ ਕਨੂੰਨਾਂ ਮੁਤੱਲਕ ਆਗਾਹ ਕਰੋ ਸਾਡੇ ਲਈ ਇਹ ਬੜਾ ਸੁਨਹਿਰੀ ਅਤੇ ਢੁੱਕਵਾਂ ਮੌਕਾ ਸੀ। ਇਸ ਮੌਕੇ ਦਾ ਫ਼ਾਇਦਾ ਚੁੱਕਦਿਆਂ ਅਸੀਂ ਵੀ ਉਸਦੇ ਨਾਲ ਵਿਆਹ ਵੱਲ ਚਾਲੇ ਪਾ ਦਿੱਤੇ ਅਤੇ ਉਥੇ ਆਏ ਹੋਏ ਲੋਕਾਂ ਨੂੰ ਖੇਤੀ ਕਾਨੂੰਨਾਂ ਸੰਬੰਧੀ ਆਗਾਹ ਕੀਤਾ।

**ਸਵਾਲ–** ਐਨੇ ਲੰਮੇ ਸਫ਼ਰ ਦੌਰਾਨ ਅਲੱਗ-ਅਲੱਗ ਰਾਜਾਂ ਖ਼ਿੱਤਿਆਂ ਦੇ ਕਿਸਾਨਾਂ ਦੀਆਂ ਮੁਸ਼ਕਲਾਂ ਦੁਸ਼ਵਾਰੀਆਂ ਨਾਲ ਰੂਬਰੂ ਹੋਣ ਤੋਂ ਬਾਅਦ ਪੰਜਾਬ ਦੇ ਲੋਕਾਂ ਲਈ ਕੋਈ ਸੁਨੇਹਾ ਜਾਂ ਕੁਝ ਕਹਿਣਾ ਚਾਹੁੰਦੇ ਹੋ?

**ਜਵਾਬ–** ਜੀ ਹਾਂ, ਪੰਜਾਬ ਦਾ ਖਿੱਤਾ ਜ਼ਮੀਨੀ ਤੌਰ 'ਤੇ ਜਰਖ਼ੇਜ਼ ਅਤੇ ਪਾਣੀ ਨਾਲ ਲਬਰੇਜ਼ ਖਿੱਤਾ ਹੈ। ਇੱਥੋਂ ਦੇ ਲੋਕਾਂ ਦੇ ਮਿਹਨਤੀ ਹੋਣ ਦਾ ਡੰਕਾ ਸੱਤ ਸਮੁੰਦਰੋਂ ਪਾਰ ਵੀ ਵੱਜਦਾ ਹੈ ਅਤੇ ਸਾਡੇ ਮੁਲਕ ਦੇ ਹੋਰ ਰਾਜਾਂ ਵਿੱਚ ਵੀ। ਇਸ ਦੀ ਇਕ ਮਿਸਾਲ ਤਾਮਿਲਨਾਡੂ ਦੇ ਤਿਰੁੱਚੂਪੱਲੀ ਦੇ ਨੇੜੇ ਇੱਕ ਖੁਸ਼ਕ ਅਤੇ ਵੀਰਾਨ ਇਲਾਕੇ ਵਿੱਚ ਜਿੱਥੇ ਕੁਝ ਵੀ ਪੈਦਾ ਕਰਨਾ ਮਨੁੱਖੀ ਸੋਚ ਤੋਂ ਪਰ੍ਹੇ ਦੀ ਗੱਲ ਜਾਪਦੀ ਹੈ। ਉਸੇ ਜਗ੍ਹਾ ਕੁਝ ਸਾਲ ਪਹਿਲਾਂ ਪੰਜਾਬੀ ਭਾਈਚਾਰੇ ਨੇ 400 ਏਕੜ ਦੇ ਰਕਬੇ ਵਿੱਚ ਅਜਿਹੇ ਕਾਰਨਾਮੇ ਨੂੰ ਸਰ ਅੰਜਾਮ ਦਿੱਤਾ ਹੈ ਕਿ ਅੱਖਾਂ 'ਤੇ ਯਕੀਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਅਜਿਹਾ ਮੰਜ਼ਰ ਸਿਰਫ਼ ਜਾਦੂਈ ਕਹਾਣੀਆਂ ਵਿੱਚ ਹੀ ਮੁਮਕਿਨ ਹੋ ਸਕਦਾ, ਹਕੀਕੀ ਜ਼ਿੰਦਗੀ ਵਿੱਚ ਨਹੀਂ। ਉਸ ਜਗ੍ਹਾ ਬਹੁਤ ਘੱਟ ਪਾਣੀ ਵਿੱਚ ਪੈਦਾ ਹੋਣ ਵਾਲੇ ਫਲਦਾਰ ਪੌਦਿਆਂ ਦਾ ਬਾਗ਼ ਲਗਾ ਕੇ ਉਸ ਵੀਰਾਨ ਇਲਾਕੇ ਨੂੰ ਆਬਾਦਗੀ ਬਖ਼ਸ਼ ਦਿੱਤੀ ਹੈ। ਉਸ ਇਲਾਕੇ ਦੇ ਡੀ. ਸੀ. ਸਥਾਨਕ ਲੋਕਾਂ ਨੂੰ ਉਹ ਜਗ੍ਹਾ ਵੇਖਣ ਲਈ ਭੇਜਦੇ ਹਨ ਅਤੇ ਇਹ ਜਗ੍ਹਾ 'ਅਕਾਲ ਫਾਰਮ' ਆਪਣੇ ਆਪ ਵਿੱਚ ਸਥਾਨਕ ਲੋਕਾਂ ਲਈ ਮਿਸਾਲ ਬਣ ਗਈ ਹੈ। ਇਸੇ ਤਰ੍ਹਾਂ ਜੋ ਮੇਰੇ ਕਹਿਣ ਦਾ ਮਕਸਦ ਹੈ। ਉਹ ਇਹ ਕਿ ਸਾਡੇ ਲੋਕਾਂ ਨੂੰ ਆਪਣੀਆਂ ਕੁਦਰਤੀ ਨਿਆਮਤਾਂ ਦੀ ਕਦਰ ਕਰਨੀ ਚਾਹੀਦੀ ਹੈ। ਫ਼ਿਲਹਾਲ ਸਾਡੇ ਪੰਜਾਬ ਵਿੱਚ ਪਾਣੀ ਦਾ ਸਤਰ ਲਗਾਤਾਰ ਘਟਦਾ ਜਾ ਰਿਹਾ ਹੈ ਪਰ ਉਸ ਤਰੀਕੇ ਦੀ ਕੋਈ ਦਿੱਕਤ ਜਾਂ ਪੇਚੀਦਾ ਸੂਰਤੇ-ਹਾਲ ਪੈਦਾ ਨਹੀਂ, ਜਿਨ੍ਹਾਂ ਦਾ ਜ਼ਿਕਰ ਮੈਂ ਤੁਹਾਡੇ ਨਾਲ ਕੀਤਾ ਹੈ। ਉਨ੍ਹਾਂ ਇਲਾਕਿਆਂ ਵਿੱਚ ਵਿਚਰਦਿਆਂ ਅਤੇ ਪਾਣੀ ਦੀ ਕਮੀ ਨੂੰ ਮਹਿਸੂਸ ਕਰਦਿਆਂ, ਇਹ ਖ਼ਿਆਲ ਜ਼ਿਹਨ ਵਿੱਚ ਵਾਰ-ਵਾਰ ਅੰਗੜਾਈਆਂ ਲੈਂਦਾ ਸੀ ਕਿ ਸਾਡੇ ਪੰਜਾਬ ਦੇ ਲੋਕਾਂ ਨੂੰ ਇੱਕ ਵਾਰ ਇਨ੍ਹਾਂ ਇਲਾਕਿਆਂ ਵਿੱਚ ਲਿਆ ਕੇ, ਪਾਣੀ ਦੀ ਕਮੀ ਦਾ ਅਹਿਸਾਸ ਜ਼ਰੂਰ ਕਰਵਾਉਣਾ ਚਾਹੀਦਾ ਹੈ।

..................................................

# ਸਤਿਗੁਰੂ ਜਗਜੀਤ ਸਿੰਘ ਉਸਤਤ - ਕਾਵਿ



ਡਾ. ਹਰਮਹਿੰਦਰ ਸਿੰਘ ਬੇਦੀ
93561-33665
ਡਾ. ਕੁਲਦੀਪ ਸਿੰਘ

ਪਿਛਲੇ ਦਿਨੀਂ ਡਾ. ਹਰਮਹਿੰਦਰ ਸਿੰਘ ਬੇਦੀ ਅਤੇ ਡਾ. ਕੁਲਦੀਪ ਸਿੰਘ ਹੁਰਾਂ ਦੁਆਰਾ ਸੰਪਾਦਕ ਇਕ ਪੁਸਤਕ 'ਸਤਿਗੁਰੂ ਜਗਜੀਤ ਸਿੰਘ : ਉਸਤਤਿ ਕਾਵਿ' ਛਪੀ। ਇਹ ਲੇਖ ਉਸ ਕਿਤਾਬ ਦੀ ਭੂਮਿਕਾ ਹੈ। ਇਸ ਵਿੱਚ ਨਾਮਧਾਰੀ ਕਵਿਤਾ ਦੇ ਇਤਿਹਾਸ 'ਤੇ ਪੰਛੀ ਝਾਤ ਹੈ।

**ਸੰਪਾਦਕ**

**ਆ**ਧੁਨਿਕ ਪੰਜਾਬੀ ਕਵਿਤਾ ਦੇ ਸਮਾਨੰਤਰ ਚੱਲਣ ਵਾਲੀਆਂ ਕਈ ਧਾਰਮਿਕ ਤੇ ਸਮਾਜਿਕ ਲਹਿਰਾਂ, ਸੰਸਥਾਵਾਂ, ਵਿਅਕਤੀਆਂ ਅਤੇ ਘਟਨਾਵਾਂ ਨੇ ਪੰਜਾਬੀ ਕਵਿਤਾ ਉੱਪਰ ਕਈ ਅਹਿਮ ਪ੍ਰਭਾਵ ਪਾਏ। ਆਧੁਨਿਕ ਪੰਜਾਬੀ ਕਵਿਤਾ ਦਾ ਪਾਸਾਰ ਰਾਜਨੀਤਿਕ, ਸਭਿਆਚਾਰਕ ਤੇ ਅੰਤਰ-ਰਾਸ਼ਟਰੀ ਪ੍ਰਭਾਵਾਂ ਨੂੰ ਵੀ ਗ੍ਰਹਿਣ ਕਰਨ ਵਾਲਾ ਸੀ। ਰੂਸ ਦੀ ਕ੍ਰਾਂਤੀ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਪ੍ਰਭਾਵਿਤ ਕੀਤਾ। ਧਰਮ ਅਤੇ ਵਿਗਿਆਨ ਦੇ ਖੇਤਰ ਵਿਚ ਆਏ ਪਰਿਵਰਤਨਾਂ ਤੋਂ ਵੀ ਆਧੁਨਿਕ ਪੰਜਾਬੀ ਕਵਿਤਾ ਨੇ ਪੜਾਅ-ਦਰ-ਪੜਾਅ ਬਹੁਤ ਕੁਝ ਪ੍ਰਾਪਤ ਕੀਤਾ। ਇਸੇ ਸਦਕਾ ਸਿੰਘ ਸਭਾ ਲਹਿਰ ਵੀ ਸਭਿਆਚਾਰਕ ਅੰਦੋਲਨ ਦੇ ਰੂਪ ਵਿਚ ਆਪਣਾ ਮੁਹਾਂਦਰਾ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਜਿਹੜੀਆਂ ਰਾਜਨੀਤਿਕ ਲਹਿਰਾਂ ਆਜ਼ਾਦੀ ਦੀ ਲੜਾਈ ਵਿਚ ਸਿੱਧੇ ਢੰਗ ਨਾਲ ਆਪਣਾ ਯੋਗਦਾਨ ਪਾ ਰਹੀਆਂ ਸਨ, ਉਸ ਯੋਗਦਾਨ ਵਿਚ ਗਦਰੀ ਬਾਬਿਆਂ, ਅਕਾਲੀ ਮੋਰਚਿਆਂ ਨੇ ਵੀ ਭਰਵਾਂ ਯੋਗਦਾਨ ਪਾਇਆ। ਉਸ ਦੇ ਨਾਲ-ਨਾਲ ਵਿਦੇਸ਼ਾਂ ਵਿਚ ਹੋ ਰਹੇ ਕਾਮਾਗਾਟਾਮਾਰੂ ਵਰਗੇ ਯਤਨ ਸਨ। ਉਨਾਂ ਤੋਂ ਵੀ ਆਧੁਨਿਕ ਪੰਜਾਬੀ ਕਵਿਤਾ ਕੇਵਲ ਪ੍ਰਭਾਵਿਤ ਨਹੀਂ ਹੋਈ, ਬਲਕਿ ਬਹੁਤ ਸਾਰੇ ਰਾਜਨੀਤਿਕ, ਸਭਿਆਚਾਰਕ, ਧਾਰਮਿਕ ਖੇਤਰਾਂ ਵਿਚ ਕੰਮ ਕਰਨ ਵਾਲੇ ਵਿਅਕਤੀਆਂ ਨੇ ਪੰਜਾਬੀ ਕਵਿਤਾ, ਨਾਵਲ, ਕਹਾਣੀ, ਨਿਬੰਧ ਅਤੇ ਪੱਤਰਕਾਰੀ ਦੇ ਨਾਲ ਆਪਣੇ ਇਨ੍ਹਾਂ ਪ੍ਰਯਤਨਾਂ ਨੂੰ ਪਾਰਦਰਸ਼ੀ ਬਣਾਇਆ। ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ ਭਾਈ ਵੀਰ ਸਿੰਘ ਜੀ ਨੇ ਬੰਨ੍ਹਿਆ। ਪ੍ਰੋਫੈਸਰ ਪੂਰਨ ਸਿੰਘ ਨੇ ਇਸ ਕਵਿਤਾ ਦੇ ਆਰੰਭਕ ਦੌਰ ਨੂੰ ਕਈ ਤਰ੍ਹਾਂ ਦੀਆਂ ਨਵੀਆਂ ਕਲਾਤਮਕ ਜੁਗਤਾਂ ਦੇ ਨਾਲ ਜੋੜਿਆ। ਇਹੋ ਕਾਰਨ ਹੈ ਕਿ 20 ਵੀਂ ਸਦੀ ਦੇ ਜਿਹੜੇ ਅਰੰਭਿਕ ਯਤਨ ਪੰਜਾਬੀ ਸਮਾਜ ਅਤੇ ਸਭਿਆਚਾਰ ਨੂੰ ਨਵੀਆਂ ਲੀਹਾਂ ਉਤੇ ਤੋਰਦੇ ਹਨ, ਉਨ੍ਹਾਂ ਦਾ ਪਿਛੋਕੜ ਇਨਾਂ ਲਹਿਰਾਂ ਦੇ ਨਾਲ ਜੁੜਿਆ ਹੋਇਆ ਹੈ। ਇਸ ਪੂਰੇ ਪ੍ਰਵੇਸ਼ ਦੇ ਵਿੱਚ ਨਾਮਧਾਰੀ ਲਹਿਰ ਨੇ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

ਨਾਮਧਾਰੀ ਲਹਿਰ ਦੀ ਕਵਿਤਾ ਦਾ ਆਰੰਭ ਕਾਫ਼ੀ ਮੁਸ਼ਕਲ ਪਰਸਥਿਤੀਆਂ ਵਿਚ ਹੋਇਆ ਕਿਉਂਕਿ ਅੰਗਰੇਜ਼ੀ ਸਰਕਾਰ ਦੇ ਵਿਰੋਧ ਕਾਰਨ ਦੇਸ਼-ਭਗਤੀ ਦੀ ਕਵਿਤਾ ਦਾ ਟਿਕੇ ਰਹਿਣਾ ਸੰਭਵ ਨਹੀਂ ਸੀ। ਇਹ ਕਹਿ ਸਕਦੇ ਹਾਂ ਕਿ ਇਸ ਲਹਿਰ ਦੀ ਕਵਿਤਾ ਦਾ ਆਰੰਭ ਪ੍ਰਤਿਕੂਲ ਹਾਲਾਤ ਵਿਚ ਹੋਇਆ। ਨਾਮਧਾਰੀ ਲਹਿਰ ਨਾਲ ਸੰਬੰਧਿਤ ਕਵਿਤਾ ਦੇ ਮੁੱਢਲੇ ਗ੍ਰੰਥ ਹੱਥ-ਲਿਖਤ ਖਰੜਿਆਂ ਦੇ ਰੂਪ ਵਿਚ ਪ੍ਰਾਪਤ ਹੁੰਦੇ ਹਨ। ਇਸ ਲਹਿਰ ਦੇ ਮੁੱਢਲੇ ਦੌਰ ਦੀਆਂ ਕਾਵਿ-ਰਚਨਾਵਾਂ ਨੂੰ ਸਰਕਾਰ ਜ਼ਬਤ ਵੀ ਕਰਦੀ ਰਹੀ। ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੀ ਕਵਿਤਾ ਨਾਮਧਾਰੀ ਲਹਿਰ ਦੇ ਧਾਰਮਿਕ, ਸਮਾਜ-ਸਭਿਆਚਾਰਕ, ਇਤਿਹਾਸਕ ਅਤੇ ਰਾਸ਼ਟਰਵਾਦੀ ਉਦੇਸ਼ਾਂ ਨੂੰ ਉਜਾਗਰ ਕਰਦੀ ਹੋਈ ਜਨ ਸਾਧਾਰਨ ਨੂੰ ਇਸ ਲਹਿਰ ਵੱਲ ਪ੍ਰੇਰਿਤ ਕਰਨ ਦਾ ਕਾਰਜ ਨਿਭਾਉਂਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਰਚੀ ਗਈ ਕਵਿਤਾ ਗਿਣਨਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਕਾਫ਼ੀ ਅਮੀਰ ਕਹੀ ਜਾ ਸਕਦੀ ਹੈ।

ਸਤਿਗੁਰੂ ਰਾਮ ਸਿੰਘ ਤੋਂ ਲੈ ਕੇ ਹੁਣ ਤੱਕ ਪੰਜਾਬੀ ਸਾਹਿਤ ਅਤੇ ਪੰਜਾਬੀਅਤ ਦੇ ਨਾਲ ਸੰਬੰਧਤ ਕਈ ਨਵੇਂ

ਸੰਕਲਪ ਨਾਮਧਾਰੀ ਲਹਿਰ ਦੇ ਮੁੱਢਲੇ ਪ੍ਰਭਾਵ ਤੋਂ ਕੇਵਲ ਪ੍ਰਭਾਵਿਤ ਨਹੀਂ ਹੋਏ ਬਲਕਿ ਉਨ੍ਹਾਂ ਨੇ ਲਿਖਤਾਂ ਦੇ ਰੂਪ ਵਿਚ ਇਤਿਹਾਸ ਦੀਆਂ ਨਵੀਆਂ ਪੈੜਾਂ ਵੀ ਸਿਰਜੀਆਂ ਹਨ। ਇਨ੍ਹਾਂ ਪੈੜਾਂ ਦਾ ਖੇਤਰ ਬਹੁਤ ਵਿਸ਼ਾਲ ਹੈ। ਇੰਦਰ ਸਿੰਘ ਚੱਕਰਵਰਤੀ ਵਰਗੇ ਨਾਮਧਾਰੀ ਲਹਿਰ ਨਾਲ ਜੁੜੇ ਹੋਏ, ਵੱਡੇ ਸਹਿਤਕਾਰਾਂ ਨੇ ਉਪਨਿਆਸ ਵੀ ਲਿਖੇ। ਪਾਕਿਸਤਾਨੀ ਕਹਾਣੀਕਾਰ ਅਫ਼ਜਲ ਅਹਿਸਨ ਰੰਧਾਵਾ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਪ੍ਰਭਾਵਿਤ ਹੋ ਕੇ ਕਈ ਕਹਾਣੀਆਂ ਦੀ ਰਚਨਾ ਕੀਤੀ। ਇਸ ਸਮੇਂ ਦੀ ਪੰਜਾਬੀ ਕਵਿਤਾ ਦੇ ਮੁਹਾਂਦਰੇ ਨੂੰ ਚੰਗੀ ਤਰਾਂ ਸਮਝਣ ਲਈ ਸਮੇਂ ਵਿਸ਼ੇਸ਼ ਦੀਆਂ ਲਹਿਰਾਂ ਦੇ ਪ੍ਰਭਾਵ ਨੂੰ ਸਮੁੱਚੇ ਤੌਰ ’ਤੇ ਵੇਖਣਾ ਲਾਜ਼ਮੀ ਹੋ ਜਾਂਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਵਿਅਕਤਿਤਵ ਨੂੰ ਲੈ ਕੇ ਬਹੁਤ ਸਾਰੇ ਕਵੀਆਂ ਨੇ ਉਨ੍ਹਾਂ ਦੇ ਗੁਣਾਂ ਨੂੰ ਆਪਣੀਆਂ ਕਾਵਿ ਰਚਨਾਵਾਂ ਦਾ ਹਿੱਸਾ ਬਣਾਇਆ। ਨਾਮਧਾਰੀ ਲਹਿਰ ਤੋਂ ਪ੍ਰਭਾਵਿਤ ਪੰਜਾਬੀ ਕਾਵਿ ਦਾ ਮੁੱਢਲਾ ਦੌਰ ਉਹ ਹੈ, ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਇਕ ਨਾਇਕ ਵਜੋਂ ਉਭਰਦੇ ਹਨ, ਇਥੋਂ ਤੱਕ ਕਿ ਸਤਿਗੁਰੂ ਰਾਮ ਸਿੰਘ ਜੀ ਦੀਆਂ ਘੋੜੀਆਂ ਅਤੇ ਪਹਿਰਾਵੇ ਦਾ ਜ਼ਿਕਰ ਪੰਜਾਬੀ ਕਵੀਆਂ ਨੇ ਆਪਣੀ ਕਵਿਤਾ ਵਿੱਚ ਕੀਤਾ। ਗੁਰੂ ਜੀ ਦੀ ਜੀਵਨ-ਸ਼ੈਲੀ ਦਾ ਆਪਣੀਆਂ ਕਾਵਿ ਰਚਨਾਵਾਂ ਵਿਚ ਵਰਨਣ ਕੀਤਾ। ਇਸ ਤਰ੍ਹਾਂ ਮੁੱਢਲਾ ਦੌਰ ਸਤਿਗੁਰੂ ਰਾਮ ਸਿੰਘ ਜੀ ਦੇ ਵਿਅਕਤਿਤਵ ਨੂੰ ਚਿਤਰਦਾ ਦੌਰ ਹੈ। ਸਤਿਗੁਰੂ ਰਾਮ ਸਿੰਘ ਜੀ ਨਾਲ ਸੰਬੰਧਿਤ ਅਨੇਕਾਂ ਸਾਖੀਆਂ ਦਾ ਜ਼ਿਕਰ ਵੀ ਇਨ੍ਹਾਂ ਕਵਿਤਾਵਾਂ ਵਿਚ ਹੋਇਆ। ਨਾਮਧਾਰੀ ਇਤਿਹਾਸ ਨਾਲ ਸੰਬੰਧਤ ਵੱਡੀਆਂ ਰਾਜਨੀਤਿਕ ਘਟਨਾਵਾਂ ਦਾ ਜ਼ਿਕਰ ਵੀ ਇਨ੍ਹਾਂ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿਚ ਵਿਸਥਾਰ ਸਹਿਤ ਕੀਤਾ। ਕੇਵਲ ‘ਖੰਡ-ਕਾਵਿ’ ਹੀ ਨਹੀਂ ਸਗੋਂ ‘ਮਹਾਂ-ਕਾਵਿ’ ਵੀ ਰਚੇ ਗਏ। ਗੀਤ ਵੀ ਰਚੇ ਗਏ। ਇਥੋਂ ਤੱਕ ਕਿ ਪੰਜਾਬੀ ਕਵਿਤਾ ਦੇ ਵੱਡਿਆਂ ਕਵੀਆਂ ਵੱਲੋਂ ਜਿਹੜੀਆਂ ਕਵਿਤਾਵਾਂ ਲਿਖੀਆਂ ਗਈਆਂ, ਉਹ ਲੋਕ-ਕਾਵਿ ਦਾ ਰੂਪ ਵੀ ਧਾਰਨ ਕਰ ਗਈਆਂ। ਬਹੁਤ ਸਾਰੇ ਨਾਮਧਾਰੀ ਬੋਲੇ, ਮੁਹਾਵਰੇ, ਲੋਕੋਕਤੀਆਂ, ਉਕਤੀਆਂ ਆਮ ਨਾਮਧਾਰੀ ਜੀਵਨ ਦਾ ਹਿੱਸਾ ਬਣ ਗਈਆਂ। ਨਾਮਧਾਰੀ ਬਾਬਿਆਂ ਅਤੇ ਸੰਤਾਂ ਦੇ ਜੀਵਨ ਨਾਲ ਜੁੜੇ ਹੋਏ ਕਿੱਸੇ ਅਤੇ ਸਾਖੀਆਂ ਦਾ ਵਰਨਣ ਵੀ ਕੀਤਾ ਗਿਆ। ਇਥੋਂ ਤੱਕ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬੀਅਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦੇ ਪ੍ਰਤੀ ਦਿਸ਼ਟੀਕੋਣ ਨੂੰ ਇਸ ਸਮੇਂ ਦੀਆਂ ਕਵਿਤਾਵਾਂ ਵਿੱਚ ਬਹੁਤ ਵਡਿਆਇਆ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਖ਼ੁਦ ਗੁਰਮੁਖੀ ਅੱਖਰਾਂ ਵਿਚ ਹੁਕਮਨਾਮੇ ਲਿਖੇ ਜਿਨ੍ਹਾਂ ਦਾ ਸੰਪਾਦਨ ਜਸਵਿੰਦਰ ਸਿੰਘ ਅਤੇ ਪੰਜਾਬੀ ਦੇ ਪ੍ਰਸਿੱਧ ਆਲੋਚਕ ਸਤਿੰਦਰ ਸਿੰਘ ਨੂਰ ਨੇ ਕੀਤਾ ਹੈ। ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਨਾਲ ਪੰਜਾਬੀ ਗਦ ਦੇ ਖੇਤਰ ਵਿਚ ਵਿਕਾਸ ਹੋਇਆ। ਨਾਮਧਾਰੀ ਕਵੀਆਂ ਨੇ ਪੰਜਾਬੀ ਕਵਿਤਾ ਦਾ ਪਿਛੋਕੜ ਤੇ ਕਵਿਤਾ ਦੀ ਅਮੀਰੀ ਨੂੰ ਨਵੇਂ ਮੁਹਾਵਰੇ ਰਾਹੀਂ ਪਾਠਕਾਂ ਸਨਮੁਖ ਰੱਖਿਆ। ਇਸ ਲਈ ਨਾਮਧਾਰੀ ਲਹਿਰ ਦੇ ਮੁੱਢਲੇ ਦੌਰ ਦੀ ਪੰਜਾਬੀ ਕਵਿਤਾ ਦੇ ਇਤਿਹਾਸਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਯੋਗਦਾਨ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਹਿੱਸਾ ਬਣਾਉਣ ਦੀ ਲੋੜ ਹੈ।

ਪੰਜਾਬੀ ਕਵਿਤਾ ਦਾ ਦੂਜਾ ਦੌਰ ਉਦੋਂ ਮੰਨਿਆ ਜਾਂਦਾ ਹੈ, ਜਦੋਂ ਆਜ਼ਾਦੀ ਦੀ ਲਹਿਰ ਪੂਰੇ ਭਾਰਤ ਵਿਚ ਆਪਣੇ ਜੋਬਨ ’ਤੇ ਸੀ। ਇਸ ਸਮੇਂ ਕੂਕਾ ਅੰਦੋਲਨ ਵੱਲੋਂ ਕੁਝ ਉਚੇਰੇ ਸੁਧਾਰ ਕੀਤੇ ਗਏ ਜਿਨ੍ਹਾਂ ਵਿਚ ਇਸਤਰੀਆਂ ਪ੍ਰਤੀ ਤੰਗ ਨਜ਼ਰੀਏ ਦਾ ਤਿਆਗ, ਧਾਰਮਿਕ ਰਹੁ-ਰੀਤਾਂ ਪ੍ਰਤੀ ਜਾਗ੍ਰਤੀ ਅਤੇ ਆਜ਼ਾਦੀ ਦੇ ਸੰਗਰਾਮ ਵਿਚ ਭਰਪੂਰ ਯੋਗਦਾਨ ਪਾਉਣਾ ਸੀ। ਇਹ ਤਿੰਨ ਵੱਡੀਆਂ ਖ਼ੂਬੀਆਂ ਇਸ ਦੌਰ ਵਿਚ ਪੰਜਾਬੀ ਕਵਿਤਾ ਦਾ ਅਟੁੱਟ ਹਿੱਸਾ ਬਣਦੀਆਂ ਹਨ। ਪੰਜਾਬੀ ਧਾਰਮਿਕ ਕਾਵਿ ਵਿਚ ਕੂਕਾ ਲਹਿਰ ਨੇ ਧਾਰਮਿਕ ਆਜ਼ਾਦੀ, ਧਾਰਮਿਕ ਸੂਝ-ਬੂਝ ਅਤੇ ਧਰਮ ਪ੍ਰਤੀ ਗਿਆਨ ਅਤੇ ਵਿਗਿਆਨ ਦਾ ਦ੍ਰਿਸ਼ਟੀਕੋਣ ਅਪਣਾਇਆ।

ਇਸ ਪੁਸਤਕ ਵਿਚ ਸੰਕਲਿਤ ਕਵੀਆਂ ਦੀਆਂ ਕਵਿਤਾਵਾਂ ਵਿਚੋਂ ਪਾਠ ਕਰਨ, ਨਾਮ ਜਪਣ ਤੇ ਨਿੱਤ ਕ੍ਰਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਂਦੇ ਸੰਕਲਪਾਂ ਦੀ ਵਿਵਹਾਰਕ ਪੱਖੋਂ ਚਰਚਾ ਹੋਈ ਮਿਲਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਔਰਤ-ਮਰਦ ਦੀ ਬਰਾਬਰੀ ਦੇ ਸਮਾਜਿਕ ਪੱਖ ਨੂੰ ਭਰਪੂਰ ਰੂਪ ਵਿਚ ਉਘਾੜਿਆ ਗਿਆ ਹੈ। ਔਰਤਾਂ ਨੂੰ ਮਰਦ ਦੇ ਬਰਾਬਰ ਅੰਮ੍ਰਿਤ ਛਕਣ ਅਤੇ ਆਪਣੇ ਪਤੀ, ਭਰਾ ਅਤੇ ਪਿਤਾ ਵਾਂਗ ਨਾਮਧਾਰੀ ਭਾਈਚਾਰੇ ਵਿੱਚ ਵਿਹਾਰਕ ਰੂਪ ਵਿਚ ਕਾਰਜਸ਼ੀਲ ਹੋਣ ਦੀ ਚੇਤਨਾ ਦਿੱਤੀ। ਉਨਾਂ ਦੇ ਬਰਾਬਰ ਸਤਿਗੁਰੂ ਰਾਮ ਸਿੰਘ ਦੀ ਸਿੱਖਿਆ ਗ੍ਰਹਿਣ ਕਰਕੇ ਔਰਤਾਂ ਨੇ ਆਪਣੀ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਭੂਮਿਕਾ ਨਿਭਾਈ।

ਪੰਜਾਬੀ ਕਵਿਤਾ ਦੇ ਦੂਜੇ ਦੌਰ ਨੂੰ ਕਾਲ ਵੰਡ ਕਰੀਏ ਤਾਂ ਇਹ ਸਮਾਂ ਪਹਿਲੇ ਵਿਸ਼ਵ ਯੁੱਧ ਲਗਭਗ 1920 ਈ. ਤੱਕ ਆਉਂਦਾ ਹੈ ਅਤੇ ਇਸ ਤੋਂ ਬਾਅਦ ਨਾਮਧਾਰੀ ਕਵਿਤਾ ਰਾਜਨੀਤਕ ਸੁਰ ਤਿੱਖੇ ਕਰਕੇ ਨਵੀਂ ਕਰਵਟ ਲੈਂਦੀ ਹੈ। ਇਕ ਪਾਸੇ ਮਹਾਤਮਾ ਗਾਂਧੀ ਦਾ ਅਸਹਿਯੋਗ ਅੰਦੋਲਨ ਤੇ ਦੂਜੇ ਪਾਸੇ ਕੂਕਿਆਂ ਨੇ ਆਪਣਾ ਰਾਜਨੀਤਕ ਢਾਂਚਾ ਤਿਆਰ ਕਰ

ਲਿਆ ਸੀ। ਉਨ੍ਹਾਂ ਨੇ ਅੰਗਰੇਜ਼ੀ ਸਰਕਾਰ ਦੁਆਰਾ ਬਣਾਏ ਗਏ ਕਿਸੇ ਵੀ ਪ੍ਰਬੰਧ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਇਥੋਂ ਤੱਕ ਨਰਾਜ਼ਗੀ ਜ਼ਾਹਰ ਕੀਤੀ ਕਿ ਲਾਇਲਪੁਰ (ਪਾਕਿਸਤਾਨ) ਨਹਿਰ ਦੇ ਕੰਢਿਆਂ 'ਤੇ ਉੱਗੇ ਹੋਏ ਰੁੱਖਾਂ ਦੀਆਂ ਦਾਤਨਾਂ ਕਰਨ ਤੋਂ ਪਰਹੇਜ਼ ਕੀਤਾ। ਉਨ੍ਹਾਂ ਨੇ ਕਿਹਾ ਕਿ ਅੰਗਰੇਜ਼ ਦੁਆਰਾ ਵਿਵੱਸਥਿਤ ਕੀਤੇ ਪਾਣੀ ਨਾਲ ਸਿੰਜੇ ਗਏ ਬੂਟਿਆਂ ਦੀਆਂ ਅਸੀਂ ਦਾਤਣਾ ਨਹੀਂ ਕਰਾਂਗੇ ਕਿਉਂਕਿ ਇਹ ਵਿਦੇਸ਼ੀ ਬਦਬੂ ਮਾਰਦੇ ਹਨ। ਮਹਾਤਮਾ ਗਾਂਧੀ ਨੇ ਸਵਦੇਸ਼ੀ ਅੰਦੋਲਨ ਲਾਗੂ ਕਰਨ ਤੋਂ ਪਹਿਲਾਂ ਨਾਮਧਾਰੀਆਂ ਦੁਆਰਾ ਚਲਾਏ ਜਾ ਰਹੇ ਅਸਹਿਯੋਗ ਅਤੇ ਸਵਦੇਸ਼ੀ ਅੰਦੋਲਨ ਦਾ ਜ਼ਿਕਰ ਨਾ ਕੀਤਾ। ਨਾਮਧਾਰੀਆਂ ਦੀਆਂ ਉਸ ਸਮੇਂ ਦੀਆਂ ਕਵਿਤਾਵਾਂ ਵਿਚੋਂ ਸਵਦੇਸੀ ਅੰਦੋਲਨ ਦੀਆਂ ਜੜ੍ਹਾਂ ਵੇਖੀਆਂ ਜਾ ਸਕਦੀਆਂ ਹਨ। ਨਾਮਧਾਰੀ ਕਵੀਆਂ ਨੇ ਡਾਕ ਦੀ ਵਿਵਸਥਾ ਅਤੇ ਰੇਲਾਂ ਦੇ ਪ੍ਰਬੰਧ ਨੂੰ ਨਾ ਇਸਤੇਮਾਲ ਕਰਨ ਦਾ ਜ਼ਿਕਰ ਵੀ ਕੀਤਾ। ਉਹ ਆਪਣੇ ਘੋੜਿਆਂ ਦੀ ਵਰਤੋਂ ਕਰਦੇ ਸਨ ਤੇ ਵਿਦੇਸ਼ੀ ਵਸਤਰਾਂ ਨੂੰ ਵੀ ਧਾਰਨ ਨਹੀਂ ਕਰਦੇ ਸਨ।

ਇਨ੍ਹਾਂ 1920 ਈ. ਤੋਂ ਲੈ ਕੇ 1940 ਈ. ਦੇ ਸਮੇਂ ਵਿਚ ਹੀ ਅਜਿਹਾ ਪਹਿਰਾਵਾ ਪਾਇਆ ਜਿਸ ਵਿਚ ਸਵਦੇਸੀਪਨ ਸਾਫ਼ ਝਲਕਦਾ ਸੀ। ਇਹ ਉਹ ਦੌਰ ਸੀ, ਜਦੋਂ ਇਲਾਹਾਬਾਦ ਤੋਂ ਇਕ ਬਹੁਤ ਵੱਡਾ 'ਹਿੰਦੀ ਸਾਹਿਤ ਸੰਮੇਲਨ ਪ੍ਰਯਾਗ' ਅਦਾਰਾ ਸੀ, ਜਿਥੋਂ ਅੱਜ ਵੀ 'ਰਾਸ਼ਟਰ ਭਾਸ਼ਾ ਸੰਦੇਸ਼' ਮੈਗਜ਼ੀਨ ਨਿਕਲਦਾ ਹੈ। ਉਸ ਮੈਗਜ਼ੀਨ ਵਿਚ ਕੂਕਾ ਲਹਿਰ ਦੀਆਂ ਕਵਿਤਾਵਾਂ ਦੇਵਨਾਗਰੀ ਲਿਪੀ ਵਿਚ ਰੂਪਾਂਤਰਣ ਕਰਕੇ ਛਾਪੀਆਂ ਜਾਂਦੀਆਂ ਸਨ। ਇਸ ਸੰਪਰਕ ਦਾ ਪ੍ਰਭਾਵ ਇਹ ਹੋਇਆ ਕਿ 1942 ਈ. ਦੇ ਭਾਰਤ ਛੱਡੋ ਅੰਦੋਲਨ ਦੌਰਾਨ ਹਿੰਦੀ ਸਾਹਿਤ ਸੰਮੇਲਨ ਦਾ ਸਾਲਾਨਾ ਸਮਾਗਮ ਕਰਨ ਲਈ ਕਿਤੇ ਵੀ ਜਗ੍ਹਾ ਨਹੀਂ ਮਿਲ ਰਹੀ ਸੀ, ਅੰਗਰੇਜ਼ਾਂ ਨੇ ਕਿਸੇ ਜਗ੍ਹਾ ਵੀ ਸਮਾਗਮ ਕਰਨ ਲਈ ਜਗ੍ਹਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਸਮੇਂ ਭੈਣੀ ਸਾਹਿਬ ਨੇ ਇਹ ਸਮਾਗਮ ਕਰਨ ਲਈ ਜਗ੍ਹਾ ਅਤੇ ਪੂਰਨ ਸਹਿਯੋਗ ਦਿੱਤਾ-ਕਿਉਂਕਿ ਭੈਣੀ ਸਾਹਿਬ ਉਨਾਂ ਦੇ ਸੰਪਰਕ ਵਿੱਚ ਸੀ। ਭਾਵੇਂ ਕਿ ਭਾਰਤ ਛੱਡੋ ਅੰਦੋਲਨ ਅਤੇ ਹੋਰ ਕਈ ਕਾਰਨਾਂ ਕਰਕੇ ਉਸ ਸਾਲ ਵਿਚ 'ਹਿੰਦੀ ਸਾਹਿਤ ਸੰਮੇਲਨ ਪ੍ਰਯਾਗ' ਦਾ ਸਾਲਾਨਾ ਸਮਾਗਮ ਅਯੋਜਿਤ ਨਾ ਹੋ ਸਕਿਆ। 'ਹਿੰਦੀ ਸਾਹਿਤ ਸੰਮੇਲਨ ਪ੍ਰਯਾਗ' ਦਾ ਉਹ ਪੱਤਰ ਜੋ ਅੱਜ ਵੀ ਪ੍ਰਕਾਸ਼ਿਤ ਹੁੰਦਾ ਹੈ-ਉਸ ਰਾਹੀਂ ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਬੰਧਿਤ ਕਵਿਤਾਵਾਂ ਪ੍ਰਕਾਸ਼ਤ ਕਰਕੇ ਬਹੁਤ ਵੱਡਾ ਯੋਗਦਾਨ ਦਿੱਤਾ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਹਿੰਦੀ ਦੇ ਰਾਸ਼ਟਰ-ਕਵੀ ਮੈਥਲੀ ਸ਼ਰਨ ਗੁਪਤ ਜੀ ਨੇ ਆਜ਼ਾਦੀ ਦੇ ਅੰਦੋਲਨ ਦੌਰਾਨ ਵਿਸ਼ੇਸ਼ ਭੂਮਿਕਾ ਨਿਭਾਈ, ਉਨ੍ਹਾਂ ਨੂੰ ਆਜ਼ਾਦੀ ਦੇ ਸੰਘਰਸ਼ ਵਿਚ ਯੋਗਦਾਨ ਪਾਉਣ ਲਈ ਹੀ ਰਾਸ਼ਟਰ-ਕਵੀ ਮੰਨਿਆ ਜਾਂਦਾ ਹੈ। ਜਦੋਂ ਮੈਥਲੀ ਸ਼ਰਨ ਗੁਪਤ ਨੇ ਲੰਮੇਰੀ ਰਚਨਾ 'ਗੁਰੂ-ਕੁਲ' ਨਾਮ ਦੇ ਮਹਾਂ-ਕਾਵਿ ਦੀ ਰਚਨਾ ਕੀਤੀ। ਇਸ ਕਵਿਤਾ ਵਿਚ ਉਨ੍ਹਾਂ ਨੇ ਕੂਕਾ ਲਹਿਰ ਦਾ ਸਭਿਆਚਾਰਕ, ਸਾਹਿਤਕ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਰਾਜਨੀਤਿਕ ਸੰਘਰਸ਼ ਦਾ ਵਿਸ਼ੇਸ ਤੌਰ 'ਤੇ ਜ਼ਿਕਰ ਕੀਤਾ। ਮੈਥਲੀ ਸ਼ਰਨ ਗੁਪਤ ਲਿਖਦੇ ਹਨ ਕਿ 'ਗੁਰੂ ਕੁਲ' ਦਾ ਅੰਤਮ ਪੜਾਅ ਸਤਿਗੁਰੂ ਰਾਮ ਸਿੰਘ ਜੀ ਦਾ ਯੋਗਦਾਨ ਹੈ। ਝਾਂਸੀ ਦੇ ਨਜ਼ਦੀਕ ਚਿਰਗਾਂਉ ਨਾਮੀ ਇਕ ਪਿੰਡ ਵਿਖੇ ਰਾਸ਼ਟਰ-ਕਵੀ ਮੈਥਲੀ ਸ਼ਰਨ ਗੁਪਤ ਜੀ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਵਾਦ ਹੋਇਆ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਉਸ ਇਲਾਕੇ ਦੀਆਂ ਯਾਤਰਾਵਾਂ 'ਤੇ ਸਨ। ਇਹ ਮੁਲਾਕਾਤ ਭਾਰਤ ਦੀ ਆਜ਼ਾਦੀ ਲਈ, ਭਾਰਤੀ ਜਾਗਰੂਕਤਾ ਲਈ, ਕੀਤੇ ਜਾ ਰਹੇ ਯਤਨਾਂ ਦਾ ਸਿੱਟਾ ਸੀ। ਇਹ ਲੇਖਕਾਂ ਨਾਲ ਅੰਤਰ ਸੰਵਾਦ ਭਾਰਤੀ ਕਵਿਤਾ ਦੇ ਮੀਲ ਪੱਥਰ ਵਿਚ ਮਹੱਤਵਪੂਰਨ ਪੜਾਅ ਸਨ।

ਕੂਕਾ ਲਹਿਰ ਦਾ ਤੀਜੇ ਪੜਾਅ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਕਾਲ ਮੁੱਖ ਤੌਰ 'ਤੇ ਆਉਂਦਾ ਹੈ। ਇਹ ਸਮਾਂ ਉਹ ਸੀ ਕਿ ਆਜ਼ਾਦੀ ਪ੍ਰਾਪਤ ਹੋ ਚੁੱਕੀ ਸੀ ਤੇ ਦੇਸ਼ ਵਿਕਾਸ ਦੇ ਪੜਾਵਾਂ 'ਤੇ ਚੱਲਣ ਨੂੰ ਤਿਆਰ ਬੈਠਾ ਸੀ। ਖ਼ਾਸ ਕਰਕੇ ਪੰਜ-ਸਾਲਾ ਯੋਜਨਾਵਾਂ ਮੁੱਖ ਤੌਰ 'ਤੇ ਖੇਤੀ ਉਦਯੋਗ ਦੇ ਖੇਤਰ ਵਿਚ, ਇਕ ਨਵੀਂ ਸਭਿਆਚਾਰਕ ਕ੍ਰਾਂਤੀ ਲਿਆਉਣ ਲਈ ਬਹੁਤ ਸਾਰੇ ਯਤਨ ਕੀਤੇ ਜਾ ਰਹੇ ਸਨ। ਦੇਸ਼ ਦਾ ਭਵਿੱਖ ਪੂਰੇ ਵਿਸ਼ਵ ਦੇ ਸਾਹਮਣੇ ਇਕ ਨਵੇਂ ਰੂਪ ਵਿਚ ਪ੍ਰਦਰਸ਼ਿਤ ਹੋ ਰਿਹਾ ਸੀ। ਇਸ ਖੇਤਰ ਵਿਚ ਭਾਰਤੀ ਸਾਹਿਤ ਅਤੇ ਵਿਸ਼ੇਸ਼ ਕਰਕੇ ਪੰਜਾਬੀ ਕਵਿਤਾ ਨੇ ਮਹੱਤਪੂਰਨ ਯੋਗਦਾਨ ਪਾਇਆ। ਸਤਿਗੁਰੂ ਜਗਜੀਤ ਸਿੰਘ ਦੇ ਕਾਲ ਦੌਰਾਨ ਪੰਜਾਬੀ ਕਵੀਆਂ ਨੇ ਤਿੰਨ ਤਰ੍ਹਾਂ ਦੇ ਪ੍ਰਯਤਨ ਕੀਤੇ। (ੳ) ਨਾਮਧਾਰੀ ਲਹਿਰ ਦੀ ਪੰਜਾਬੀ ਕਵਿਤਾ ਦੇ ਪਿਛੋਕੜ ਨੂੰ ਅਜ਼ਾਦੀ ਤੋਂ ਬਾਅਦ ਦੀ ਪੰਜਾਬੀ ਕਵਿਤਾ ਨਾਲ ਜੋੜਨ ਦਾ ਯਤਨ ਕੀਤਾ। ਖ਼ਾਸ ਕਰਕੇ ਇੰਦਰ ਸਿੰਘ ਚੱਕਰਵਰਤੀ ਜੀ ਦਾ ਇਸ ਵਿਚ ਰੋਲ ਅਹਿਮ ਸੀ। (ਅ) ਦੂਜਾ ਯਤਨ ਇਹ ਸੀ ਕਿ ਇੰਨੇ ਲੰਬੇ ਸੰਘਰਸ਼ ਤੋਂ ਬਾਅਦ ਨਾਮਧਾਰੀ ਚਿੰਤਨ ਦੇ ਨਾਲ ਜੁੜੇ ਹੋਏ ਕਵੀਆਂ, ਲਿਖਾਰੀਆਂ ਅਤੇ ਚਿੰਤਕਾਂ ਨੇ

ਆਪਣੀ ਇਕ ਵੱਖਰੀ ਸੋਚ ਵੀ ਪੰਜਾਬੀ ਕਵਿਤਾ ਦੇ ਇਸ ਦੌਰ ਵਿਚ ਉਭਾਰੀ। ਇਸ ਦੌਰ ਦੀਆਂ ਜੇ ਕਵਿਤਾਵਾਂ ਵੇਖੀਆਂ ਜਾਣ ਤਾਂ ਨਾਮਧਾਰੀਆਂ ਦੇ ਖੇਡਾਂ ਦੇ ਖੇਤਰ ਵਿਚ, ਸੰਗੀਤ ਦੇ ਖੇਤਰ ਵਿਚ, ਖੇਤੀ ਦੇ ਖੇਤਰ ਵਿਚ ਅਤੇ ਸਨਅਤੀ ਦੁਨੀਆਂ ਦੀ ਪਹਿਚਾਣ ਨੂੰ ਸਵੀਕਾਰ ਕਰਨ ਦੇ ਰੂਪ ਵਿਚ ਅਤੇ ਪੰਜਾਬੀ ਸਭਿਆਚਾਰ ਦੇ ਵਿਸ਼ਵ ਪੱਧਰੀ ਮੁਹਾਂਦਰੇ ਨੂੰ ਪਾਰਦਰਸ਼ੀ ਬਣਾਉਣ ਦੇ ਵਿੱਚ ਅਹਿਮ ਭੂਮਿਕਾ ਨਿਭਾਈ। ਸਾਡੇ ਸਾਹਮਣੇ ਵਿਸ਼ਵ ਪੰਜਾਬੀ ਸੰਮੇਲਨ, ਹਾਕੀ ਨੂੰ ਕੌਮੀ ਪੱਧਰ ਉੱਤੇ ਇਕ ਨਵੀਂ ਸੇਧ ਦੇਣਾ, ਖੇਤੀ ਦੇ ਖੇਤਰ ਵਿਚ ਨਵੇਂ ਬੀਜਾਂ ਦਾ ਉਤਪਾਦਨ ਕਰਨਾ, ਨੌਜਵਾਨ ਪੀੜੀ ਨੂੰ ਖੇਡਾਂ ਦੇ ਖੇਤਰ ਵਿਚ ਨਵੀਆਂ ਪ੍ਰੇਰਨਾਵਾਂ ਦੇਣਾ ਮਹੱਤਵਪੂਰਨ ਸੀ। ਇਸ ਦੌਰ ਦੀਆਂ ਕਵਿਤਾਵਾਂ ਵਿਚ ਇਨ੍ਹਾਂ ਸਭ ਖੇਤਰਾਂ ਦਾ ਜ਼ਿਕਰ ਕੀਤਾ ਗਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਨਾਲ ਜੁੜੀਆਂ ਕਵਿਤਾਵਾਂ ਵਿੱਚ ਇਕ ਸਭਿਆਚਾਰਕ ਕ੍ਰਾਂਤੀ ਦੀ ਝਲਕ ਨਜ਼ਰ ਆਉਂਦੀ ਹੈ। ਇਸ ਸਮੇਂ ਦੀਆਂ ਕਵਿਤਾਵਾਂ ਵਿਚ ਇਕ ਸਮਾਜਿਕ ਪਰਿਵਰਤਨ ਅਤੇ ਸਮਾਜਿਕ ਸੂਝ-ਬੂਝ ਦਿਖਾਈ ਦੇਂਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਦੇ ਬਾਰੇ ਕਈ ਬਾਹਰੀ ਤੇ ਅੰਤਰਮੁਖੀ ਹਵਾਲੇ ਇਸ ਪੰਜਾਬੀ ਕਵਿਤਾ ਵਿੱਚੋਂ ਮਿਲਦੇ ਹਨ। ਜਿਵੇਂ ਉਨ੍ਹਾਂ ਦੇ ਪਹਿਰਾਵੇ ਬਾਰੇ, ਉਨ੍ਹਾਂ ਦੀ ਚਾਲ-ਢਾਲ ਬਾਰੇ, ਸੰਗੀਤ ਸੰਮਲੇਨਾਂ ਦਾ ਆਯੋਜਨ ਅਤੇ ਨਾਮ ਸਿਮਰਨ ਦੇ ਅਭਿਆਸ ਬਾਰੇ ਵਰਨਣ ਮਿਲਦਾ ਹੈ। ਉਨ੍ਹਾਂ ਦੁਆਰਾ ਰੋਜ਼ਾਨਾ ਕੀਤੇ ਜਾਣ ਵਾਲੇ ਕਾਰਜ, ਗਤੀਵਿਧੀਆਂ ਤੇ ਕਿਰਿਆਵਾਂ ਬਾਰੇ ਹਵਾਲੇ ਕਵੀਆਂ ਨੇ ਆਪਣੀਆਂ ਲਿਖਤਾਂ ਵਿਚ ਦਿੱਤੇ ਹਨ।

ਨਾਮਧਾਰੀ ਲਹਿਰ ਨਾਲ ਸੰਬੰਧਿਤ ਵੱਡੀ ਗਿਣਤੀ ਵਿਚ ਕਵਿਤਾਵਾਂ, ਪੱਤਰ-ਪੱਤਰਕਾਵਾਂ ਅਤੇ ਪ੍ਰਬੰਧ ਕਾਵਿ ਰੂਪ ਵਿਚ ਇਸ ਸਮੇਂ ਪ੍ਰਕਾਸ਼ਿਤ ਹੋਏ ਮਿਲਦੇ ਹਨ। ਇਨ੍ਹਾਂ ਕਵਿਤਾਵਾਂ ਵਿਚੋਂ ਕੁਝ ਪੰਜਾਬੀ ਦੇ ਵਿਸ਼ਿਸ਼ਟ ਕਵੀਆਂ ਵੱਲੋਂ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿਚ ਹਰਿਭਜਨ ਸਿੰਘ, ਵਿਧਾਤਾ ਸਿੰਘ ਤੀਰ, ਗੁਰਮੁਖ ਸਿੰਘ ਮੁਸਾਫਰ, ਧਨੀ ਰਾਮ ਚਾਤ੍ਰਿਕ, ਸੰਤੋਖ ਸਿੰਘ ਧੀਰ ਆਦਿ ਕਵੀਆਂ ਦੇ ਨਾਮ ਵਰਨਣਯੋਗ ਹਨ। ਸਤਿਗੁਰੂ ਜਗਜੀਤ ਸਿੰਘ ਦੇ ਗੁਰੂ ਕਾਲ ਦੇ ਸਮੇਂ ਨਾਲ ਸੰਬੰਧਿਤ ਲਿਖੀ ਗਈ ਕਵਿਤਾ ਵਿਚ ਦਲਬੀਰ ਸਿੰਘ ਤਰਸ, ਸੂਬਾ ਸੁਰਿੰਦਰ ਕੌਰ ਖਰਲ, ਜਸਵੰਤ ਸਿੰਘ ਮਸਤ, ਕਥਾਕਾਰ ਨਿਸ਼ਾਨ ਸਿੰਘ, ਤਾਰਾ ਸਿੰਘ ਅਨਜਾਣ, ਪ੍ਰੀਤਮ ਸਿੰਘ ਪੰਛੀ, ਕਿਰਪਾਲ ਸਿੰਘ ਕਸੇਲ, ਮਾਸਟਰ ਅਮਰੀਕ ਸਿੰਘ, ਗੁਰਦੇਵ ਸਿੰਘ ਅਤੇ ਪ੍ਰਿੰਸੀਪਲ ਅਜੀਤ ਸਿੰਘ ਆਦਿ ਦੇ ਨਾਮ ਖਾਸ ਤੌਰ 'ਤੇ ਜ਼ਿਕਰ ਯੋਗ ਹਨ। ਇਸ ਤੋਂ ਇਲਾਵਾ ਜੋਗਿੰਦਰ ਸਿੰਘ ਮੁਕਤਾ, ਜਵਾਲਾ ਸਿੰਘ ਸੇਵਕ, ਸੁਖਵੰਤ ਸਿੰਘ ਕੰਗ, ਜੋਗਾ ਸਿੰਘ, ਨਿਰੰਜਨ ਸਿੰਘ ਨੂਰ, ਜੋਗਿੰਦਰ ਸਿੰਘ ਕੰਗ, ਸੁਰਜੀਤ ਪਾਤਰ, ਗੁਰਭਜਨ ਗਿੱਲ, ਸਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸਤਨਾਮ ਸਿੰਘ ਕੋਮਲ ਤੇ ਅਜੀਤ ਸਿੰਘ ਲਾਇਲ ਆਦਿ ਦੀਆਂ ਕਵਿਤਾਵਾਂ ਵੱਖ-ਵੱਖ ਸਮੇਂ ਛਪਦੀਆਂ ਰਹੀਆਂ ਹਨ। ਇਸ ਪ੍ਰਕਾਰ ਗੁਰੂ ਉਸਤਤਿ ਵਿਚ ਲਿਖੀ ਗਈ ਕਵਿਤਾ ਦਾ ਸਫ਼ਰ ਨਿਰੰਤਰ ਜਾਰੀ ਹੈ। ਜਿਸ ਵਿਚ ਇਸ ਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਹੋ ਰਹੀਆਂ ਹਨ।

ਨਾਮਧਾਰੀ ਲਹਿਰ ਦੀ ਇਸ ਦੌਰ ਦੀ ਜ਼ਿਆਦਤਰ ਕਵਿਤਾ ਸਮਾਜਕ, ਰਾਸ਼ਟਰਵਾਦੀ ਅਤੇ ਇਤਿਹਾਸਕ ਪਰਿਪੇਖਾਂ ਨਾਲ ਜੁੜੀ ਹੋਈ ਹੈ, ਪਰੰਤੂ ਇਸ ਦਾ ਮੁਖ ਸਰੋਕਾਰ ਧਰਮ ਅਤੇ ਧਾਰਮਿਕਤਾ ਹੀ ਹੈ। ਨਾਮਧਾਰੀ ਕਵੀਆਂ ਦੀ ਕਵਿਤਾ ਉਨਾਂ ਦੀ ਸਿੱਖ ਧਰਮ, ਸਿੱਖ ਗੁਰੂ ਸਹਿਬਾਨ, ਨਾਮਧਾਰੀ ਗੁਰੂਆਂ ਅਤੇ ਉਨ੍ਹਾਂ ਦੁਆਰਾ ਨਿਰਧਾਰਿਤ ਰਹਿਤ-ਮਰਿਯਾਦਾ ਪ੍ਰਤੀ ਸ਼ਰਧਾਮੂਲਕ ਭਾਵਨਾਵਾਂ ਅਤੇ ਧਾਰਮਿਕ ਵਿਚਾਰਾਂ ਦੀ ਪੇਸ਼ਕਾਰੀ ਹੈ।

20ਵੀਂ ਅਤੇ 21ਵੀਂ ਸਦੀ ਵਿਚ ਵਿਸ਼ਵ ਨਾਲ ਸਭ ਤੋਂ ਵੱਧ ਸਾਂਝ ਪੰਜਾਬੀ ਭਾਈਚਾਰੇ ਨੇ ਪਾਈ। ਇਹ ਸਾਂਝ ਵਿਚਾਰਾਂ ਅਤੇ ਚਿੰਤਨ ਦੀ ਸੀ, ਉਸ ਦੇ ਨਾਲ-ਨਾਲ ਇਹ ਸਾਂਝ ਭੂਗੋਲਿਕ ਵੀ ਸੀ। ਪੰਜਾਬੀ ਸਮਾਜ ਆਜ਼ਾਦੀ ਤੋਂ ਬਾਅਦ ਅਤੇ ਖ਼ਾਸ ਕਰਕੇ 1960 ਤੋਂ ਬਾਅਦ ਪੂਰੇ ਵਿਸ਼ਵ ਵਿਚ ਆਪਣੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਲਈ ਗਿਆ। ਨਾਮਧਾਰੀ ਭਾਈਚਾਰੇ ਨੇ ਵੀ ਦੇਸ਼ਾਂ-ਵਿਦੇਸ਼ਾਂ ਵਿਚ ਆਪਣੇ ਟਿਕਾਣੇ ਬਣਾਏ ਅਤੇ ਆਪਣੀ ਮਿਹਨਤ ਨਾਲ ਆਪਣਾ ਨਾਮ ਕਮਾਇਆ ਤੇ ਨਾਲ-ਨਾਲ ਨਾਮਧਾਰੀ ਲਹਿਰ ਅਤੇ ਚਿੰਤਨ ਦਾ ਫੈਲਾਅ ਵੀ ਕੀਤਾ। ਅੱਜ ਬਹੁਤ ਸਾਰੇ ਦੇਸ਼ਾਂ ਵਿਚ ਵੱਸੇ ਹੋਏ ਨਾਮਧਾਰੀ ਵੀਰਾਂ ਨੇ, ਸਾਹਿਤਕਾਰਾਂ ਨੇ ਉਥੇ ਦੀ ਧਰਤੀ ਉਤੇ ਵੱਸ ਕੇ ਵੀ ਪੰਜਾਬੀ ਸਭਿਆਚਾਰ ਦੇ ਪ੍ਰਤੀ ਆਪਣਾ ਯੋਗਦਾਨ ਪਾਇਆ ਅਤੇ ਪਾ ਰਹੇ ਹਨ। ਉਨਾਂ ਨੇ ਪਰਾਈ ਧਰਤੀ 'ਤੇ ਜਾ ਕੇ ਨਾਮਧਾਰੀ ਲਹਿਰ ਦੀਆਂ ਪ੍ਰਾਪਤੀਆਂ ਅਤੇ ਸਿੱਖਿਆਵਾਂ ਨੂੰ ਉਪਨਿਆਸਾਂ, ਕਹਾਣੀਆਂ ਤੇ ਕਵਿਤਾਵਾਂ ਦੇ ਰੂਪ ਵਿੱਚ ਰੂਪਮਾਨ ਕਰਕੇ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਅਤੇ ਵਰਤਮਾਨ ਗੁਰੂ ਠਾਕੁਰ ਉਦੇ ਸਿੰਘ ਜੀ ਦੀਆਂ ਪ੍ਰਾਪਤੀਆਂ ਪ੍ਰਤੀ........

**ਬਾਕੀ ਸਫ਼ਾ 28 'ਤੇ**

# ਸਾਹੇਬ, ਛੁੱਲੂ ਬਰ ਪਾਨੀ...

ਅਮਨਦੀਪ ਹਾਂਸ
83619-75546



(ਇਹ ਵਿਸ਼ੇਸ਼ ਰਿਪੋਰਟ ਸ੍ਰੀ ਮੁਕਤਸਰ ਸਾਹਿਬ ਦੇ 'ਗੰਧੜ' ਪਿੰਡ ਤੋਂ ਸਾਂਝੀ ਕਰ ਰਹੇ ਹਾਂ, ਜੋ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਸਹੁਰਾ ਪਿੰਡ ਵੀ ਹੈ.. ਅਤੇ ਕਿਰਤੀਆਂ ਲਈ ਜੂਝਦਿਆਂ ਸਟੇਟ ਦੇ ਜਬਰ ਝੱਲ ਰਹੀ ਕਿਰਤੀ ਕਾਰਕੁੰਨ ਨੌਦੀਪ ਕੌਰ ਦਾ ਪਿੰਡ ਵੀ ਹੈ..)

ਏਹੋ ਜਹੀ ਕਮਜ਼ੋਰ ਹਕੂਮਤ ਬਾਬਾ ਜੀ।
ਵੇਖੀ ਨਈਂ ਕੋਈ ਹੋਰ ਹਕੂਮਤ ਬਾਬਾ ਜੀ।
ਪਿਛਲੀ ਨਾਲ ਵੀ ਸਾਡਾ ਏਹੋ ਰੌਲਾ ਸੀ
ਇਹ ਵੀ ਪੱਕੀ ਚੋਰ ਹਕੂਮਤ ਬਾਬਾ ਜੀ।
ਸਾਨੂੰ ਲੱਗੇ ਭੇੜੀ, ਗਿਰਝਾਂ, ਚੀਲਾਂ ਤੋਂ
ਬਣ ਬਣ ਦੱਸੇ ਮੋਰ ਹਕੂਮਤ ਬਾਬਾ ਜੀ।....

ਬਾਬਾ ਨਜ਼ਮੀ ਸਾਹਿਬ ਦੀਆਂ ਇਹ ਸਤਰਾਂ ਪੰਜਾਬ ਦੇ ਬਹੁਤ ਸਾਰੇ ਹਾਸ਼ੀਆਗਤ ਲੋਕਾਂ ਪ੍ਰਤੀ ਵੇਲੇ ਦੀਆਂ ਹਕੂਮਤਾਂ ਦੀ ਬਦਨੀਅਤ ਬਿਆਨਦੀਆਂ ਨੇ। ਹਕੂਮਤਾਂ ਦੀ ਬਦਨੀਅਤ ਹੀ ਹੈ ਕਿ ਆਜ਼ਾਦੀ ਦੀ ਪੌਣੀ ਸਦੀ ਲੰਘਣ ਤੋਂ ਬਾਅਦ ਵੀ ਪੰਜਾਬ ਵਰਗੇ ਖੁਸ਼ਹਾਲ ਆਖੇ ਜਾਂਦੇ ਸੂਬੇ ਦੇ ਬਹੁਤ ਸਾਰੇ ਕੰਮੀ ਪਰਿਵਾਰ ਪਾਣੀ ਵਰਗੀਆਂ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਨੇ।

ਨਹੀਂ ਯਕੀਨ ਤਾਂ ਆਓ, ਪਿੰਡ ਗੰਧੜ ਚਲਦੇ ਹਾਂ, ਇਹ ਪਿੰਡ ਵਿਧਾਇਕ ਅਜੈਬ ਸਿੰਘ ਭੱਟੀ ਦੇ ਹਲਕੇ 'ਚ ਆਉਂਦਾ ਹੈ। ਪਿੰਡ ਦੀ ਬਾਰਾਂ-ਤੇਰਾਂ ਸੌ ਦੇ ਕਰੀਬ ਵੋਟ ਹੈ। ਇੱਕ ਸ਼ਮਸ਼ਾਨਘਾਟ ਪਿੰਡ ਵਿੱਚ ਹੈ, ਦੋ ਗੁਰੂ ਘਰ ਨੇ, ਇੱਕ ਮਾਝੇ ਵਾਲੇ ਜੱਟਾਂ ਦਾ, ਤੇ ਇੱਕ ਮਾਲਵੇ ਵਾਲੇ ਜੱਟਾਂ ਦਾ। ਇਸ ਪਿੰਡ 'ਚ ਮਾਝੇ ਦੇ ਕਈ ਜੱਟ ਪਰਿਵਾਰ ਵੀ ਦਹਾਕਿਆਂ ਪਹਿਲਾਂ ਦੇ ਆ ਕੇ ਵੱਸੇ ਨੇ, ਪਰ ਉਹਨਾਂ ਦੀ ਮਾਲਵੇ ਵਾਲੇ ਜੱਟਾਂ ਨਾਲ ਬਹੁਤੀ ਰਾਸ ਨਹੀਂ ਰਲਦੀ।

ਗੰਧੜ ਪਿੰਡ ਨੂੰ ਆਉਣਾ ਹੋਵੇ, ਪਿੰਡ ਤੋਂ ਕਿਤੇ ਜਾਣਾ ਹੋਵੇ ਤਾਂ ਆਵਦੇ ਸਾਧਨ ਦਾ ਇੰਤਜ਼ਾਮ ਕਰਨਾ ਪਊ, ਕਿਉਂਕਿ ਸਵਾ ਲੱਖ ਬੱਸ ਸ੍ਰੀ ਮੁਕਤਸਰ ਸਾਹਿਬ ਤੋਂ ਲੱਖੇਵਾਲੀ ਮੰਡੀ ਨੂੰ ਜਾਣ ਲਈ ਇਸ ਪਿੰਡ 'ਚ ਸਵੇਰੇ ਸਾਢੇ 9 ਵਜੇ ਆਉਂਦੀ ਹੈ ਤੇ ਸ਼ਾਮ ਨੂੰ ਉਹੀ ਬੱਸ 4 ਵਜੇ ਜਾਂਦੀ ਹੈ। ਹੋਰ ਕੋਈ ਸਾਧਨ ਸਰਕਾਰ ਨੇ ਜਨਤਾ ਵਾਸਤੇ ਏਥੇ ਨਹੀਂ ਲਾਇਆ।

ਪਿੰਡ 'ਚ ਇੱਕ ਪ੍ਰਾਈਮਰੀ ਤੇ ਇੱਕ ਮਿਡਲ ਸਕੂਲ ਹੈ, ਦਸਵੀਂ, ਬਾਰਵੀਂ ਲਈ ਬੱਚੇ ਬੱਚੀਆਂ ਨੂੰ ਪੈਦਲ ਪੈਂਡਾ ਮਾਰ ਕੇ ਪੰਜ ਛੇ ਕਿਲੋਮੀਟਰ ਦੂਰ ਲੱਖੇਵਾਲੀ ਮੰਡੀ ਜਾਣਾ ਪੈਂਦਾ ਹੈ, ਓਥੇ ਸੀਨੀਅਰ ਸੈਕੰਡਰੀ ਸਕੂਲ ਹੈ, ਮਜ਼ਦੂਰ ਪਰਿਵਾਰਾਂ ਦੇ ਤੇ ਗਰੀਬ ਜੱਟਾਂ ਦੇ ਜੁਆਕ ਸਰਕਾਰੀ ਸਕੂਲਾਂ 'ਚ ਪੜ੍ਹਦੇ ਨੇ।

ਕਈ ਸਰਦੇ ਪੁੱਜਦੇ ਮਜ਼ਦੂਰ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਸਾਈਕਲ ਲੈ ਕੇ ਦਿੱਤੇ ਹੋਏ ਨੇ, ਤੇ ਹਾਲਾਤਾਂ ਤੋਂ ਡਰਦੇ ਕਈ ਮਾਪਿਆਂ ਨੇ ਕੁੜੀਆਂ ਲਈ ਪ੍ਰਈਵੇਟ ਵੈਨ ਲਵਾਈ ਹੈ, ਜੋ ਮਹੀਨੇ ਦਾ ਪੰਜ ਸੌ ਰੁਪਏ ਕਿਰਾਇਆ ਲੈਂਦੇ ਨੇ, ਜੇ ਕਦੇ ਕਿਰਾਇਆ ਲੇਟ-ਫੇਟ ਹੋ ਜਾਏ, ਫੇਰ ਵੈਨ ਵਾਲੇ ਜੁਆਕੜੀਆਂ ਨੂੰ ਚਾੜ੍ਹਦੇ ਈ ਨੀ, ਜਾਂ ਫਿਰ ਰਾਹ 'ਚ ਲਾਹ ਦਿੰਦੇ ਨੇ।

ਪਿੰਡ 'ਚ 400 ਦੇ ਕਰੀਬ ਮਜ਼ਦੂਰ ਪਰਿਵਾਰਾਂ ਦੇ ਘਰ ਹਨ। ਜਿਹਨਾਂ ਦੇ ਬਹੁਤੇ ਬੱਚੇ ਲੱਖੇਵਾਲੀ ਤੋਂ ਬਾਰਾਂ ਕਰਕੇ ਫੇਰ ਦਿਹਾੜੀ ਦੱਪਾ ਕਰਨ ਲੱਗ ਪੈਂਦੇ ਨੇ। ਨੌਦੀਪ ਕੌਰ ਦੀਆਂ ਭੈਣਾਂ ਵਿਚੋਂ ਇਕ ਐਮ. ਐਸ. ਸੀ., ਇਕ ਪੀ. ਐਚ. ਡੀ. ਕਰਨ ਦਿੱਲੀ ਯੂਨੀਵਰਸਿਟੀ ਤੱਕ ਪਹੁੰਚੀਆਂ ਨੇ, ਜਿਹੋ ਜਿਹੇ ਹਾਲਾਤਾਂ ਨਾਲ ਉਹਨਾਂ ਨੂੰ ਜੂਝਣਾ ਪਿਆ, ਉਹ ਹੁਣ ਕਿਸੇ ਤੋਂ ਲੁਕਿਆ ਨਹੀਂ, ਨੌਦੀਪ ਦਾ ਇੱਕ ਭਰਾ ਜੈਪਾਲ ਸ੍ਰੀ ਮੁਕਤਸਰ ਸਾਹਿਬ ਦੇ ਸਰਕਾਰੀ ਸਕੂਲ 'ਚ ਨਾਨ ਮੈਡੀਕਲ ਵਿਸ਼ੇ 'ਚ ਬਾਰਵੀਂ ਜਮਾਤ 'ਚ ਪੜ੍ਹਦਾ ਹੈ, ਸਕੂਲ ਆਉਣ ਜਾਣ ਦੀ ਬੇਹੱਦ ਤੰਗੀ ਹੈ, ਉਹ ਦੱਸਦਾ ਹੈ ਕਿ ਕੁਝ ਪੈਂਡਾ ਤੁਰ ਕੇ ਲੰਘਾਇਆ ਜਾਂਦਾ ਹੈ ਤੇ ਫੇਰ ਲਿਫਟ ਵਗੈਰਾ ਮਿਲ ਜਾਂਦੀ ਹੈ। ਪਰ ਹੈ ਬੜਾ ਔਖਾ। ਲੱਖੇਵਾਲੀ ਸਰਕਾਰੀ ਸਕੂਲ 'ਚ ਸਾਇੰਸ ਨਹੀਂ ਸੀ, ਜਿਸ ਕਰਕੇ ਉਸ ਨੂੰ 14 ਕਿਲੋਮੀਟਰ ਦੂਰ ਪੜ੍ਹਨ ਜਾਣਾ ਪੈਂਦਾ ਹੈ, ਆਵਾਜਾਈ ਦਾ ਸਾਧਨ ਨਾ ਹੋਣ ਕਰਕੇ ਬਹੁਤ ਸਾਰੇ ਮੁੰਡੇ ਕੁੜੀਆਂ ਦੇ ਪੜ੍ਹਨ ਦੇ ਸੁਪਨੇ ਹਕੂਮਤਾਂ ਦੇ ਨਾਕਸ ਪ੍ਰਬੰਧਾਂ ਹੇਠ ਦਫ਼ਨ ਹੋ ਰਹੇ ਨੇ, ਪਰ ਕਿਸੇ ਦਾ ਇਸ ਪਾਸੇ ਕੋਈ ਧਿਆਨ ਨਹੀਂ।

ਪਿੰਡ 'ਚ ਕੋਈ ਸਰਕਾਰੀ ਡਿਸਪੈਂਸਰੀ ਨਹੀਂ, ਚਾਰ ਕਿਲੋਮੀਟਰ ਦੂਰ ਸ਼ੇਰੇਵਾਲਾ ਦੇ ਸਿਹਤ ਕੇਂਦਰ ਜਾਣਾ

ਪੈਂਦਾ ਹੈ, ਮੁਸ਼ਕਲ ਉਹੀ ਕਿ ਆਉਣ ਜਾਣ ਲਈ ਕੋਈ ਸਾਧਨ ਨਾ ਹੋਣ ਕਰਕੇ ਮਰੀਜ਼ ਪੈਰ ਘੜੀਸਦੇ ਜਾਂਦੇ ਨੇ, ਜਾਂ ਕਿਸੇ ਸਾਧਨ ਦਾ ਹੀਲਾ ਕਰਨਾ ਪੈਂਦਾ ਹੈ। ਓਥੇ ਵੀ ਤਾਂ ਗੁਰਬਤ ਮਾਰਿਆਂ ਨੇ ਹੀ ਜਾਣਾ ਹੁੰਦਾ ਹੈ, ਕਾਰਾਂ ਗੱਡੀਆਂ ਵਾਲੇ ਤਾਂ ਵੱਡੇ ਸ਼ਹਿਰਾਂ, ਵੱਡੇ ਹਸਪਤਾਲਾਂ 'ਚ ਜਾਂਦੇ ਨੇ।

ਹੁਣ ਜਦ ਤੋਂ ਕਰੋਨਾ ਆਇਆ ਹੈ, ਓਦੋਂ ਤੋਂ ਨਜ਼ਦੀਕੀ ਪਿੰਡਾਂ ਦੀਆਂ ਸਰਕਾਰੀ ਡਿਸਪੈਂਸਰੀਆਂ ਦੇ ਡਾਕਟਰ ਸ਼ਹਿਰਾਂ 'ਚ ਬਣਾਏ ਕਰੋਨਾ ਵਾਰਡਾਂ 'ਚ ਡਿਊਟੀ ’ਤੇ ਲਾ ਦਿੱਤੇ ਗਏ ਨੇ, ਤੇ ਪਿੰਡਾਂ ਦੇ ਮਰੀਜਾਂ ਨੂੰ ਰੱਬ ਆਸਰੇ ਛੱਡ ਦਿੱਤਾ ਗਿਆ ਹੈ। ਗਰੀਬਾਂ ਦੀ ਵੈਸੇ ਵੀ ਇਥੇ ਕੌਣ ਸੁਣਦਾ ਹੈ..

ਗੰਧੜ ਪਿੰਡ ਦੇ ਮਜ਼ਦੂਰਾਂ ਵਾਲੇ ਪਾਸੇ ਭਾਵ ਵਿਹੜੇ ’ਚ ਬਹੁਤੇ ਘਰ ਬਿਨਾਂ ਦਰਾਂ ਵਾਲੇ ਨੇ, ਭਾਵ ਮੇਨ ਗੇਟ.. ਮੁੱਖ ਦਰਵਾਜਾ ਨਹੀ ਲੱਗਿਆ ਹੋਇਆ। ਬੋੜੀਆਂ ਕੰਧਾਂ ਵਾਲੇ ਕੱਚੇ ਢਾਰੇ, ਜਾਂ ਗਾਰੇ ਨਾਲ ਇੱਟਾਂ ਚਿਣ ਕੇ ਖੜ੍ਹੀਆਂ ਕੀਤੀਆਂ ਕੰਧਾਂ ਵਾਲੇ ਘਰਾਂ ਦੇ ਦਰਵਾਜਿਆਂ ਦੀ ਥਾਂ ਕਪਾਹ, ਨਰਮੇ ਦੀਆਂ ਛਿਟੀਆਂ ਦਾ ਢਾਂਚਾ ਬਣਾ ਕੇ ਓਟ ਕੀਤੀ ਹੋਈ ਹੈ, ਜਾਂ ਫਿਰ ਪੱਲੀਆਂ ਤਾਣ ਕੇ ਦਰਵਾਜੇ ਦਾ ਰਾਹ ਮੁੰਦਿਆ ਹੋਇਆ ਹੈ। ਬਹੁਤੇ ਘਰ ਇੱਕ-ਇੱਕ ਕਮਰੇ ਵਾਲੇ ਨੇ, ਮੀਂਹ ਕਣੀ ’ਚ ਓਸੇ ਕਮਰੇ ’ਚ ਬਾਲਣ, ਓਸੇ ਕਮਰੇ ’ਚ ਮਾਲ ਡੰਗਰ, ਤੇ ਓਸੇ ’ਚ ਰਸੋਈ, ਓਸੇ ’ਚ ਪੈਣਾ-ਸੌਣਾ। ਕਈ ਕਮਰਿਆਂ ਨੂੰ ਲੱਕੜ ਦੇ ਟੁੱਟੇ-ਫੁੱਟੇ ਦਰਵਾਜੇ ਤਾਂ ਲੱਗੇ ਹੋਏ ਮਿਲ ਜਾਣਗੇ, ਪਰ ਕੁੰਡੀ ਦੀ ਥਾਂ ਲੀਰਾਂ ਨਾਲ ਡੰਗ ਸਾਰਿਆ ਜਾਂਦਾ ਹੈ।

ਬਾਥਰੂਮ ਬਹੁਤੇ ਘਰਾਂ ’ਚ ਹੈ ਹੀ ਨਹੀਂ, ਔਰਤਾਂ ਮੰਜੇ ਟੇਢੇ ਕਰਕੇ ਪੱਲੀਆਂ ਤਾਣ ਕੇ ਨਹਾਉਂਦੀਆਂ ਨੇ, ਜੇ ਬਾਥਰੂਮ ਬਣੇ ਹੋਏ ਨੇ ਤਾਂ ਦਰਵਾਜੇ ਲਾਉਣ ਜੋਗੇ ਪੈਸੇ ਨਹੀਂ, ਓਥੇ ਵੀ ਚਾਦਰਾਂ ਤਾਣ ਕੇ ਓਟ ਕੀਤੀ ਹੋਈ ਹੈ, ਟਾਇਲਟ ਦੇ ਨਾਮ ਤੇ ਸਾਢੇ ਕੁ ਤਿੰਨ ਫੁੱਟ ਦੀ ਗਾਰੇ ਦੀ ਕੰਧ ਨਾਲ ਓਟ, ਕੱਚੀ ਖੂਹੀ ਤੇ ਵਿੱਚ ਲੋਹੇ ਦੀ ਚਾਦਰ ’ਚ ਮਘੋਰਾ ਕੱਢ ਕੇ ਟਾਇਲਟ ਸੀਟ ਬਣਾ ਕੇ ਫਿੱਟ ਕਰ ਲਈ ਹੋਈ ਹੈ। ਛੱਤ ਹੈ ਨਾ.. ਅੰਬਰ ਦੀ.. ਨੀਲੀ ਛਤਰੀ ਆਲੇ ਦੀ ..

ਮੀਂਹ ਕਣੀ ’ਚ ਤੇ ਬਿਮਾਰੀ ਦੀ ਹਾਲਤ ’ਚ ਅਜਿਹੇ ਟਾਇਲਟ ਬਾਥਰੂਮ ’ਚ ਕੋਈ ਕਿਵੇਂ ਜਾਂਦਾ ਹੋਊ, ਸੰਵੇਦਨਾ ਨਾਲ ਭਰੇ ਜਿਹਨ ਸੌਖਿਆਂ ਮਹਿਸੂਸ ਕਰ ਸਕਦੇ ਨੇ।

...ਸਾਡਾ ਕਾਹਦਾ ਜਿਉਣ, ਬੁੱਤੇ ਸਾਰਦੇ ਆਂ... ਪਹਿਲਾਂ ਖੱਤਿਆਂ 'ਚ ਜੰਗਲ ਪਾਣੀ ਜਾ ਆਉਂਦੇ ਸੀ, ਹੁਣ ਜੱਟਾਂ ਨੇ ਤਾਰਾਂ ਨਾਲ ਬਗਲ ਮਾਰ ਲਿਆ, ਅਗਲੇ ਵੜਨ ਨੀ ਦਿੰਦੇ, ਫੇਰ ਘਰੇ ਈ ਫਲੱਸ਼ਾਂ ਦਾ ਮਾੜਾ ਮੋਟਾ ਜੁਗਾੜ ਕਰ ਲਿਆ...

ਇਹ ਗੱਲਾਂ ਕਿਸੇ ਵੀ ਕੰਮੀ ਦੇ ਘਰ ਜਾਓਗੇ, ਸੁਣਨ ਨੂੰ ਮਿਲਣਗੀਆਂ। ਕੱਚੀਆਂ ਖੂਹੀਆਂ ਜਦ ਗਰਕ ਜਾਂਦੀਆਂ ਨੇ, ਤਾਂ ਹੋਰ ਟੋਆ ਕੱਢ ਲਈਦਾ, ਪੱਕੀ ਫਲੱਸ਼ ਤੇ ਚਾਲੀ ਪੰਜਾਹ ਹਜਾਰ ਦਾ ਖਰਚਾ ਆ ਜਾਂਦਾ, ਐਨੇ ਜੋਗਰੇ ਅਸੀਂ ਹੈ ਨੀਂ।

ਬਹੁਤੇ ਮਜ਼ਦੂਰ ਪਰਿਵਾਰ ਜੋ ਦਿਹਾੜੀ ਦੱਪਾ ਕਰਦੇ ਨੇ, ਉਹਨਾਂ ਦੇ ਹਾਲਾਤ ਇੱਕੋ ਜਿਹੇ ਨੇ, ਦਰਦਾਂ ਨਾਲ ਭਰੇ.. ਦੋ ਬੋਲ ਹਮਦਰਦੀ ਦੇ ਸੁਣਦਿਆਂ ਹੀ ਉਹ ਫਿੱਸ-ਫਿੱਸ ਪੈਂਦੇ ਨੇ, ਸਾਡੀ ਕੋਈ ਨੀ ਸੁਣਦਾ ਜੀ..।

ਮਾਲ ਡੰਗਰ ਰੱਖ ਕੇ ਮਾੜਾ ਮੋਟਾ ਡੰਗ ਸਰਦਾ ਹੁੰਦਾ, ਪਰ ਓਹਦੇ ਲਈ ਕੱਖ ਖੋਤਣ ਜੱਟਾਂ ਦੇ ਖੱਤਿਆਂ ’ਚ ਈ ਜਾਣਾ ਪੈਂਦਾ, ਅਗਲੇ ਮਣ-ਮਣ ਦੀਆਂ ਗਾਲਾਂ ਦਿੰਦੇ ਆ, ਬੇਜ਼ਤੀ ਕਰਦੇ ਆ, ਪਰ ਟੈਮ ਤਾਂ ਟਪਾਉਣਾ ਈ ਆ, ਕਦੇ ਤਰਲੇ ਕਰਕੇ ਤੇ ਕਦੇ ਚੋਰੀ ਛੁਪੇ ਕੱਖ ਖੋਤ ਲਿਆਉਨੇ ਆਂ..।

ਪੰਜਾਬ ਦੇ ਹੋਰ ਬਹੁਤ ਸਾਰੇ ਪਿੰਡਾਂ ਵਾਂਗ ਇਥੇ ਵੀ ਮਜ਼ਦੂਰੀ ਦੀ ਔਰਤਾਂ ਦੀ ਦਿਹਾੜੀ 250 ਰੁਪਏ ਤੇ ਮਰਦਾਂ ਦੀ 300 ਰੁਪਏ ਹੈ, ਰੋਟੀ ਆਵਦੀ, ਚਾਹ ਇਕ ਟਾਈਮ ਜੱਟ ਦੇ ਦਿੰਦੇ ਆ। ਪਰ ਉਹ ਦਿਹਾੜੀਆਂ ਕਦੇ-ਕਦੇ ਈ ਮਿਲਦੀਆਂ ਨੇ। ਤੇ ਦਿਹਾੜੀਦਾਰਾਂ 'ਚੋਂ ਕਈਆਂ ਦੀ ਹਾਲਤ ਇਹ ਹੈ ਕਿ ਧਾਕੜ ਜੱਟਾਂ ਤੋਂ ਆਪਣੀ ਕਿਰਤ ਦੇ ਪੈਸੇ ਮੰਗਣ ਦਾ ਹੀਆ ਵੀ ਨੀ ਕਰ ਹੁੰਦਾ, ਪੈਸੇ ਮੰਗਣ ਜਾਂਦੇ ਨੇ, ਹਿੰਮਤ ਨੀ ਜੁਟਾ ਪਾਉਂਦੇ, ਪਹਿਲਾਂ ਗੋਹਾ ਹੂੰਝਣਗੇ, ਖੁਰਲੀਆਂ ’ਚ ਹੱਥ ਮਾਰੀ ਜਾਣਗੇ, ਫੇਰ ਹੌਲੀ-ਹੌਲੀ ਪੈਸਿਆਂ ਦਾ ਕਹਾਣਾ ਪਾਉਣਗੇ, ਕਿ ਚਾਚਾ ਜੀ, ਬਾਈ ਜੀ.. ਸਰਦਾਰ ਜੀ.. ਦਿਹਾੜੀ ਦੇ ਪੈਸੇ ਲੈਣੇ ਸੀ..

ਅੱਗੋਂ ਜਗੀਰਦਾਰ ਸਾਹਿਬ ਟਿੱਚਰ ਜਿਹੀ ’ਚ ਸਵਾਲ ਕਰਦੇ ਨੇ- ਤੂੰ ਕੀ ਕਰਨੇ ਆ ਪੈਸੇ...?

ਕਿੱਥੇ ਜਾਣੈ ?

ਕਿੱਥੇ ਖਰਚਣੇ ਨੇ.. ?

ਕਈ ਸਾਰੇ ਸਵਾਲ

ਗਰੀਬ ਤਾਂ ਉਂਝ ਹੀ ਧਰਤ ’ਚ ਵੜ ਜਾਂਦੈ..

ਸਾਰੇ ਜੱਟ ਇਉਂ ਨੀ ਕਰਦੇ, ਕੁਝ ਚੰਗੇ ਵੀ ਨੇ।

ਪਰ ਜਗੀਰੂ ਸੋਚ ਦੇ ਧਾਰਨੀ ਜੱਟ ਹਾਲੇ ਵੀ ਕਿਰਤੀਆਂ ਦਾ ਭਾਂਡਾ ਵੱਖਰਾ, ਦੂਰੋਂ ਰੋਟੀ ਫੜਾਉਣੀ, ਮਾਲਕ ਦੇ ਮੰਜੇ ਦੀ ਪੁਆਂਦੀ ਬਿਠਾਉਣਾ.... ਇਹ ਸਭ ਕੁਝ ਕਰਦੇ ਨੇ।

ਜੇ ਕੋਈ ਪੱਕਾ ਸੀਰ ਕਰਦਾ, 200 ਦਿਹਾੜੀ ਤੇ

ਕੰਮ ਕਰਦਾ, ਜੇ ਕਿਤੇ ਛੁੱਟੀ ਕਰ ਲਵੇ ਤਾਂ ਦਿਹਾੜੀ 300 ਰੁਪਏ ਕੱਟੀ ਜਾਊ।

ਗੁਰਬਤ ਮਾਰਿਆਂ ਦੇ ਮੋਢੇ ਤੇ ਸਨੇਹ ਨਾਲ ਭਰਿਆ ਹੱਥ ਰੱਖ, ਪੁੱਛ ਕੇ ਤਾਂ ਵੇਖੋ, ਸਾਰਾ ਭਾਈਚਾਰਕ ਸਾਂਝ ਵਾਲਾ ਇਨਕਲਾਬ ... ਸ਼ਰਮ ਨਾਲ ਨੁੱਚੜਦਾ ਨਾ ਦਿਸਿਆ ਤਾਂ ਕਹਿਣਾ..

ਮਜ਼ਦੂਰ ਪਰਿਵਾਰਾਂ ਦੇ ਕਈ ਮੁੰਡੇ ਲਾਗਲੇ ਪਿੰਡਾਂ ’ਚ ਦਿਹਾੜੀ ਦਾ ਕੰਮ ਨਾ ਮਿਲਣ ਕਰਕੇ ਨਜ਼ਦੀਕੀ ਸ਼ਹਿਰਾਂ 'ਚ ਸ਼ੈਲਰਾਂ ਜਾਂ ਹੋਰ ਥਾਈਂ ਦਿਹਾੜੀ ਕਰਦੇ ਨੇ, ਪੱਲਿਓਂ ਤੇਲ ਦਾ ਖਰਚਾ ਕਰਦੇ ਨੇ, ਸਾਰਾ ਖਰਚਾ ਕੱਢ ਕੇ ਮਸਾਂ ਤਿੰਨ ਚਾਰ ਹਜਾਰ ਰੁਪਇਆ ਮਹੀਨੇ ਦਾ ਬਚਦਾ..। ਸਵੇਰੇ ਮੂੰਹ ਹਨੇਰੇ ਈ ਚਲੇ ਜਾਂਦੇ ਨੇ, ਕਈ ਵਾਰ ਤਾਂ ਰਾਤ ਨੂੰ ਗਿਆਰਾਂ, ਬਾਰਾਂ ਵੱਜ ਜਾਂਦੇ ਨੇ ਮੁੜਦਿਆਂ ਨੂੰ.. ਮਾਵਾਂ ਫਿਕਰਾਂ ਚ ਸੁੱਕ-ਸੁੱਕ ਜਾਂਦੀਆਂ ਨੇ, ਉਮਰੋਂ ਪਹਿਲਾਂ ਆਈਆਂ ਝੁਰੜੀਆਂ ’ਚ ਧੱਸੀਆਂ ਅੱਖਾਂ ਦੇ ਕੋਇਆਂ ’ਚ ਸਿੰਮਦਾ ਪਾਣੀ ਸਿਰ ਦੇ ਮੈਲੇ ਲੀੜੇ ਨਾਲ ਵਾਰ-ਵਾਰ ਪੂੰਝਦੀਆਂ ਨੇ.. ਕਹਿੰਦੀਆਂ ਹੁਣ ਮਹੌਲ ਚੰਗੇ ਨਹੀਂ ਰਹੇ..



ਨੌਦੀਪ ਕੌਰ (ਸਮਾਜ ਸੇਵੀ)

ਕੈਸਾ ਪੰਜਾਬ ਹੋ ਗਿਆ

ਇਹ ਪੰਜਾਬ ਵੀ ਮੇਰਾ ਹੈ??

ਇਹ ਪਿੰਡ ਨਸ਼ਿਆਂ ਦੀ ਮਾਰ 'ਚ ਆ ਸਕਦਾ ਹੈ, ਸ਼ਰਾਬ, ਗੋਲੀਆਂ ਦੇ ਨਸ਼ੇ ਤਾਂ ਚਲਦੇ ਨੇ, ਚਿੱਟੇ ਤੋਂ ਬਚਿਆ, ਉਂਝ ਸਮੈਕ ਤੇ ਚਿੱਟਾ ਕਿਸੇ ਵਿਰਲੇ ਟਾਂਵੇ ਵੱਡੇ ਘਰ ’ਚ ਭਾਵੇਂ ਅੱਪੜ ਗਿਆ ਹੋਵੇ.. ਇਹ ਵੀ ਨੱਪੀ ਸੁਰ ’ਚ ਪਿੰਡ ਦੇ ਲੋਕ ਕਹਿੰਦੇ ਨੇ..

ਦੂਰ ਕੰਮਾਂ ਤੇ ਜਾਂਦੇ ਪੁੱਤਾਂ ਦੀਆਂ ਮਾਵਾਂ ਨੂੰ ਬਹੁਤਾ ਫਿਕਰ ਨਸ਼ੇ ਕਰਕੇ ਹੀ ਹੈ।

ਪਿੰਡ ’ਚ ਅਜਿਹਾ ਨਹੀਂ ਕਿ ਸਭ ਦਾ ਹਾਲ ਮੰਦਾ ਹੈ, ਚੰਗਾ ਵੀ ਹੈ, ਜਨਰਲ ਸ਼੍ਰੇਣੀ ਵਾਲੇ ਪਾਸੇ ਕੋਠੀਆਂ, ਪੱਕੇ ਘਰ, ਇੰਟਰਲੌਕ ਟਾਇਲਾਂ ਵਾਲੀਆਂ ਗਲੀਆਂ, ਘਰ-ਘਰ ਟੂਟੀ, ਸਭ ਕੁਝ ਹੈ, ਪਰ ਕੰਮੀਆਂ ਦੇ ਵਿਹੜੇ ਵਾਲਾ ਸੂਰਜ ਧੁੰਦਲਾ ਜਿਹਾ ਉੱਗਦਾ ਹੈ। ਗੰਦੇ ਨਾਲੇ, ਉੱਤੇ ਭਿਨਭਿਨਾਉਂਦੀਆਂ ਮੱਖੀਆਂ, ਮੀਂਹਾਂ ’ਚ ਗਲੀਆਂ ’ਚੋਂ ਆਪਣੇ ਰਿਸਕ ’ਤੇ ਲੰਘੋ... ਵੈਸੇ ਕਿਰਤੀਆਂ ਦੇ ਵਿਹੜੇ ’ਚ ਕਿਤੇ-ਕਿਤੇ ਗਲੀਆਂ ’ਚ ਇੱਟਾਂ ਕਿਤੇ ਕਿਤੇ ਝਾਅਤ ਮਾਰਦੀਆਂ ਵੀ ਨੇ।

ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ ਦੇ ਨਾਅਰਿਆਂ ’ਚ ਗਵਾਚੇ ਜ਼ਰਾ ਗੌਰ ਨਾਲ ਸੁਣ ਲੈਣ ਗੰਧੜ ਪਿੰਡ ’ਚ ਨਰਮਾ ਚੁਗਾਵੀਆਂ ਨੂੰ ਜੱਟ, ਪੰਜ ਰੁਪਏ ਕਿੱਲੋ ਮਗਰ ਦਿੰਦੇ ਨੇ, ਸਾਰਾ ਜੋਰ ਮਾਰ ਕੇ ਬੀਬੀਆਂ ਮਸਾਂ ਦਿਹਾੜੀ ਦਾ 30 ਕਿੱਲੋ ਨਰਮਾ ਚੁਗਦੀਆਂ ਨੇ, ਦਿਹਾੜੀ ਏਸ ਹਿਸਾਬ ਨਾਲ 150 ਰੁਪਏ ਮਿਲਦੀ ਹੈ, ਰੋਟੀ ਆਵਦੀ, ਚਾਹ ਇਕ ਟਾਈਮ ਦੀ ਜੱਟ ਪਰਿਵਾਰ ਵਲੋਂ। ਮਨਰੇਗਾ ਦਾ ਕੰਮ ਇੱਥੇ ਘੱਟ ਈ ਮਿਲਦਾ, ਕੁਝ ਔਰਤਾਂ ਜ਼ਿਮੀਦਾਰਾਂ ਦੇ ਘਰਾਂ 'ਚ ਝਾੜੂ ਪੋਚਾ ਤੇ ਕੁਝ ਗੋਹਾ ਕੂੜਾ ਕਰਦੀਆਂ ਨੇ, ਕੁਝ ਨੂੰ ਤਾਂ ਪੈਸਿਆਂ ਦੀ ਥਾਂ ਇਕ ਗਲਾਸ ਦੁੱਧ ਤੇ ਕਦੇ ਕਦਾਈਂ ਕਣਕ, ਆਟਾ ਜਾਂ ਕੋਈ ਹੋਰ ਥੋੜ੍ਹਾ ਬਹੁਤ ਸਮਾਨ ਹੀ ਕਿਰਤ ਦੇ ਇਵਜ਼ ’ਚ ਮਿਲਦਾ ਹੈ।

ਇੱਕ ਵਿਧਵਾ ਬਜ਼ੁਰਗ ਹੱਡਾਂ ਦੀ ਮੁੱਠ ਅੱਧ ਕੱਚੇ ਅਧ ਪੱਕੇ ਕਮਰੇ ਵਾਲੇ ਘਰ ਪੱਲੀ ਵਾਲਾ ਦਰਵਾਜਾ ਹਟਾ ਕੇ ਅੰਦਰ ਜਾਂਦੀ ਨੂੰ ਜਦੋਂ ਪੁੱਛਿਆ ਕਿ ਮਾਤਾ ਜੀ ਕੰਮਕਾਰ ਕਿਵੇਂ ਚੱਲਦਾ, ਮਾਤਾ ਭਰੇ ਫੋੜੇ ਵਾਂਗ ਫਿੱਸ ਪਈ, .... ਕਾਹਦਾ ਕੰਮਕਾਰ ਪੁੱਤ, ਬੱਸ ਦਿਨ ਕੱਟੀਆਂ ਨੇ, ਮੇਰਾ ਜਵਾਨ ਪੁੱਤ ਕਿਸੇ ਚੰਦਰੀ ਬਿਮਾਰੀ ਨੇ ਖਾ ਲਿਆ ਸੀ, ਨੂੰਹ ਨੂੰ ਓਹਦੇ ਪੇਕੇ ਲੈ ਗਏ, ਜਵਾਨ ਜਹਾਨ ਸੀ, ਇਥੇ ਵੀ ਕੀ ਕਰਦੀ ਵਿਚਾਰੀ, ਮੈਨੂੰ ਸੱਤ ਸੌ ਰੁਪਈਆ ਪੈਨਸ਼ਨ ਮਿਲਦੀ ਆ, ਇੱਕ ਘਰ ਦਾ ਗੋਹਾ ਸੁੱਟ ਆਉਂਨੀ ਆਂ, ਵੇਲੇ ਕੁਵੇਲੇ ਕੋਈ ਚੀਜ਼ ਵਸਤ ਲੈ ਆਉਂਨੀ ਆਂ, ਬੱਸ ਦਿਨ ਕੱਟੀ ਆਂ, ਹੁਣ ਤਾਂ ਆਈ ਨੂੰ ਉਡੀਕੀਦੀ ਆਂ..

ਗ਼ੁਰਬਤ ਜਿੰਨਾ ਡੂੰਘਾ ਹਾਉਕਾ ਭਰ ਕੇ ਮਾਤਾ ਆਵਦੇ ਕਮਰੇ 'ਚ ਚਲੀ ਗਈ ਤੇ ਪੱਲੀ ਦਾ ਬੂਹਾ ਢੋਅ ਲਿਆ, ਜਿਵੇਂ ਓਹਦੇ ਪਰਦੇ ਪਿੱਛੇ ਉਹਦੇ ਸਾਰੇ ਦਰਦ ਲੁਕ ਗਏ ਹੋਣ..।

ਏਥੇ ਛੇਈਂ ਮਹੀਨੀਂ ਕਣਕ ਮਿਲਦੀ ਆ। ਇਕ ਜੀਅ ਦੀ 25 ਕਿੱਲੋ। ਬਣਦੀ ਤਾਂ 5 ਕਿੱਲੋ ਮਹੀਨੇ ਦੇ ਹਿਸਾਬ ਨਾਲ 30 ਕਿੱਲੋ ਆ, ਪਰ ਮਿਲਦੀ 25 ਕਿੱਲੋ ਆ। ਪੈਨਸ਼ਨ ਰਾਜਾ ਜੀ (ਕੈਪਟਨ ਸਰਕਾਰ) ਨੇ 2500 ਰੁਪਏ ਤੇ ਨਾਲ ਦੇਸੀ ਘਿਉ ਦੇਣ ਦਾ ਵਾਅਦਾ ਕੀਤਾ ਸੀ ਪਰ ਬਜ਼ੁਰਗਾਂ ਨੂੰ ਪੈਨਸ਼ਨ 700 ਰੁਪਏ ਮਹੀਨੇ ਦੀ ਮਿਲਦੀ ਆ। ਟੱਬਰਾਂ ਵਾਲੇ ਬਜ਼ੁਰਗਾਂ ਲਈ ਇਹ ਰਕਮ ਹਲਕ-ਤਾਲੂਏ ਵੀ ਨਹੀਂ ਲੱਗਦੀ। ਉਹ ਕੈਪਟਨ ਸਾਹਿਬ ਦੇ 2500 ਰੁਪਏ ਤੇ ਦੇਸੀ ਘਿਉ ਨੂੰ ਉਡੀਕੀ ਜਾਂਦੇ।

ਇੱਥੇ ਇੱਕ ਹੋਰ ਘਰ ਗਏ, ਜਿੱਥੇ ਵਿਹੜੇ 'ਚ ਬਣੇ ਇੱਕ ਟੈਂਕੀ ਨੁਮਾ ਪੱਕੇ ਟੋਏ 'ਚੋਂ ਇਕ ਔਰਤ ਬਾਲਟੀ ਨਾਲ ਪਾਣੀ ਕੱਢ ਰਹੀ ਸੀ, ਜਿਵੇਂ ਪੁਰਾਣੇ ਸਮੇਂ ਖੂਹੀਆਂ 'ਚੋਂ ਪਾਣੀ ਕੱਢਿਆ ਕਰਦੇ ਸੀ, ਹੈਰਾਨੀ ਹੋਈ.. ਪੁੱਛਣ 'ਤੇ ਪਤਾ ਲੱਗਿਆ ਕਿ ਪਿੰਡ ਦੇ ਵਿਹੜੇ ਵਾਲਿਆਂ ਦੇ ਬਹੁਤੇ ਘਰਾਂ 'ਚ ਪਾਣੀ ਵਾਲੀ ਸਰਕਾਰੀ ਟੂਟੀ ਨਹੀਂ ਲੱਗੀ ਹੋਈ। ਵਕਤ ਲੰਘਾਉਣ ਨੂੰ ਲੋਕਾਂ ਨੇ ਘਰਾਂ ਦੇ ਵਿਹੜੇ 'ਚ 7-8 ਫੁੱਟ ਦੇ ਟੋਏ ਪੁੱਟ ਕੇ ਪੱਕੇ ਕਰ ਲਏ, ਕੱਸੀ ਤੋਂ ਭਰ ਕੇ ਆਉਂਦੇ ਪਾਣੀ ਦੇ ਟੈਂਕਰ ਤੋਂ ਇਹਨਾਂ ਡਿੱਗੀਆਂ 'ਚ ਪਾਣੀ ਪਵਾ ਲੈਂਦੇ ਨੇ, ਇਕ ਟੈਂਕਰ 250-300 ਦਾ ਆਉਂਦਾ, ਇਹ ਪਾਣੀ ਪਸ਼ੂਆਂ ਲਈ, ਲੀੜੇ ਤੇ ਭਾਂਡੇ ਆਦਿ ਧੋਣ ਲਈ, ਤੇ ਨੁਹਾਉਣ ਲਈ ਵਰਤਿਆ ਜਾਂਦਾ, ਟੱਬਰਾਂ ਦੇ ਹਿਸਾਬ ਨਾਲ ਇਹ ਪਾਣੀ ਚਾਰ-ਪੰਜ ਦਿਨ ਕੱਢ ਦਿੰਦਾ, ਫੇਰ ਪੈਸੇ ਖਰਚ ਕੇ ਪਾਣੀ ਲਿਆ ਜਾਂਦਾ। ਪੀਣ ਲਈ ਘਰਾਂ ਤੋਂ ਸਵਾ ਤੋਂ ਲੈ ਕੇ ਡੂਢ ਕਿਲੋਮੀਟਰ ਦੂਰ ਪੈਂਦੇ ਵਾਟਰਬਕਸ ਦੀ ਟੂਟੀ ਤੋਂ ਵੀਹ-ਵੀਹ ਲੀਟਰ ਦੀਆਂ ਕੈਨੀਆਂ ਹਰ ਰੋਜ਼ ਭਰ ਕੇ ਲਿਆਉਣੀਆਂ ਪੈਂਦੀਆਂ ਨੇ। ਮੋਹਤਬਰ 2 ਵਾਰ ਫੰਡ ਲੈ ਗਏ ਕਿ ਪਾਈਪਾਂ ਪਵਾ ਕੇ ਟੂਟੀਆਂ ਲਵਾ ਦਿਆਂਗੇ, ਪਰ ਹਾਲੇ ਤੱਕ ਪਾਣੀ ਘਰਾਂ ਤੱਕ ਨਹੀਂ ਅਪੜਿਆ। ਉਹ ਫੰਡ ਕੀ ਕੀਤਾ, ਕੋਈ ਨਹੀਂ ਜਾਣਦਾ।

ਇਸ ਬਾਰੇ ਗੱਲ ਕਰਨ ਲਈ ਪਿੰਡ ਦੇ ਸਰਪੰਚ ਜਲੌਰ ਸਿੰਘ ਨਾਲ ਗੱਲ ਕਰਨੀ ਸੀ ਤਾਂ ਉਹ ਪਿੰਡ ਵਿੱਚ ਨਹੀਂ ਮਿਲੇ ਤੇ ਨਾ ਟੈਲੀਫੋਨ ਚੁੱਕਿਆ।

ਇਥੇ ਬਜ਼ੁਰਗ ਹੋ ਚੁੱਕੀਆਂ ਔਰਤਾਂ ਨੇ ਦੱਸਿਆ ਕਿ 50 ਵਰੇ ਹੋ ਗਏ, ਪਾਣੀ ਦੀ ਢੋਅ-ਢੁਆਈ ਹੀ ਕਰਨੀ ਪੈਂਦੀ ਆ, ਪਹਿਲਾਂ ਖਾਲੇ ਦੀ ਦੋ ਘੰਟੇ ਦੀ ਵਾਰੀ ਹੁੰਦੀ ਸੀ, ਅਸੀਂ ਓਥੋਂ ਜੀਓ ਜੀਅ ਨੇ ਪਾਣੀ ਢੋਅ ਕੇ ਡਰੰਮ ਭਰਨੇ, ਉਸੇ ਨਾਲ ਸਾਰਨਾ, ਹੁਣ ਜਵਾਕ ਕੁਝ ਵੱਡੇ ਹੋਏ ਤਾਂ ਆਹ ਘਰਾਂ 'ਚ ਡਿੱਗੀਆਂ ਬਣਾ ਕੇ ਡੰਗ ਸਾਰ ਲਈਦਾ, ਪਰ ਹਾਲ ਸਾਡਾ ਕੁਝ ਨਹੀਂ। ਵੋਟਾਂ ਵੇਲੇ ਹਰੇਕ ਨੂੰ ਆਖੀਦਾ ਕਿ ਪਾਣੀ ਦਾ ਮਸਲਾ ਹੱਲ ਕਰ ਦਿਓ, ਇਕ ਜੀਅ ਦੀ ਕਮਾਈ ਤਾਂ ਪਾਣੀ ਮੁੱਲ ਲੈਣ 'ਤੇ ਹੀ ਲੱਗ ਜਾਂਦੀ ਆ, ਮੀਂਹ ਕਣੀ 'ਚ ਪੀਣ ਵਾਲਾ ਪਾਣੀ ਢੋਣਾ ਬਹੁਤ ਔਖਾ ਹੋ ਜਾਂਦਾ, ਪਰ ਸਾਡੀ ਗਰੀਬਾਂ ਦੀ ਕੋਈ ਨਹੀਂ ਸੁਣਦਾ।

ਮੁੱਢਲੀ ਲੋੜ ਪਾਣੀ, ਉਹ ਵੀ ਚੂਲੀ-ਚੂਲੀ ਵਰਤੀਦਾ..

ਕਿਹੜੇ ਵਿਕਾਸ ਦੀਆਂ ਗੱਲਾਂ ਕਰਦੇ ਨੇ ਸਾਡੇ ਹਾਕਮ?? . ਜਿੱਥੇ ਲੋਕ ਪੀਣ ਵਾਲੇ ਪਾਣੀ ਦੀ ਚੂਲੀ ਲਈ ਵੀ ਤਰਸਦੇ ਫਿਰਦੇ ਨੇ।

ਗ਼ੁਰਬਤ ਮਾਰਿਆਂ ਦੀ ਹਾਲਤ ਮਹਿਸੂਸਦਿਆਂ ਦਿਲ 'ਚੋਂ ਆਪੇ ਈ ਨਿਕਲ ਜਾਂਦੈ ਕਿ- ਸਾਹੇਬ .. ਚੁਲੂ ਬਰ ਪਾਨੀ, ਆਪ ਕੇ ਲੀਏ..

ਬਾਬਾ ਨਜ਼ਮੀ ਸਾਹਿਬ ਦੀ ਉਹੀ ਗੱਲ ਅਕਸਰ ਪੰਜਾਬ ਦੀ ਫੇਰੀ ਪਾਉਂਦਿਆਂ ਤੇ ਖ਼ਾਸ ਕਰਕੇ ਕੰਮੀਆਂ ਦੇ ਵਿਹੜੇ 'ਚ ਵਿਚਰਦਿਆਂ ਯਾਦ ਆ ਜਾਂਦੀ ਹੈ-

.. ਮੰਨੇ ਭਾਵੇਂ ਨਾ ਓਹ ਮੰਨੇ
ਇਹ ਤੇ ਉਹਦੀ ਮਰਜ਼ੀ ਏ
ਮੇਰਾ ਕੰਮ ਸੀ ਸ਼ੀਸ਼ਾ ਧਰਨਾ,
ਸ਼ੀਸ਼ਾ ਧਰ ਕੇ ਮੁੜਿਆ ਵਾਂ......

..........................................................

## ਅਨੋਖੀ ਵਸੀਹਤ

ਦਿਹਾੜੀ ਕਰਨ ਵਾਲੇ ਆਇਤੁੱਲਾ ਮਾਰਾਸ਼ੀ ਨੇ ਈਰਾਨ ਦੇ ਕੁੱਮ ਨਗਰ ਵਿਚ 14 ਮੰਜ਼ਲੀ ਵਿਸ਼ਾਲ ਲਾਇਬਰੇਰੀ ਉਸਾਰੀ।

ਵਸੀਹਤ ਵਿਚ ਲਿਖਿਆ- **ਲਾਇਬਰੇਰੀ ਨੂੰ ਚੜ੍ਹਦੀ ਪੌੜੀ ਦਾ ਪਹਿਲਾ ਸਟੈਪ ਮੇਰੀ ਕਬਰ ਹੋਵੇ। ਮੇਰੇ ਬੱਚਿਆਂ ਦੇ ਕਦਮ ਮੈਨੂੰ ਛੂਹਣਗੇ ਤਾਂ ਸਕੂਨ ਮਿਲੇਗਾ।**

ਉਹ ਆਪਣੀ ਕਬਰ ਉਪਰ ਉਕਰੇ ਲਫਜ਼ ਆਪ ਲਿਖ ਗਿਆ ਸੀ- **"ਜਿਹੜਾ ਕਿਤਾਬ ਵਿਚੋਂ ਜਨਮਿਆ, ਕਿਤਾਬ ਸਦਕਾ ਜੀਵਿਆ, ਕਿਤਾਬਖਾਨੇ ਵਿਚ ਆਰਾਮ ਕਰ ਰਿਹਾ, ਉਹ ਤੁਹਾਡਾ ਆਇਤੁਲਾ ਮਾਰਾਸ਼ੀ ਇਥੇ ਹੈ।"**

**ਹਰਪਾਲ ਸਿੰਘ ਪੰਨੂ (ਈਰਾਨ ਅਤੇ ਈਰਾਨੀ ਵਿਚੋਂ)**

# ਮੇਰਾ ਸੁਪਨਾ ਸੱਚ ਹੋ ਗਿਆ

ਹਰਪਾਲ ਸਿੰਘ ਸੇਵਕ



ਸ. ਰਘਬੀਰ ਸਿੰਘ



ਸ. ਜਤਿੰਦਰ ਸਿੰਘ

ਸ.ਰਘਬੀਰ ਸਿੰਘ ਜੀ ਚਾਨਾ ਸਪੁੱਤਰ ਸੰਤ ਰਾਮ ਸਿੰਘ ਜੀ ਪਿੰਡ ਸ਼ੰਕਰ ਜ਼ਿਲ੍ਹਾ ਜਲੰਧਰ ਦਾ ਇਕ ਰਜਿਸਟਡ ਪੱਤਰ ਮਾਰਚ 2021 ਨੂੰ ਪ੍ਰਾਪਤ ਹੋਇਆ। ਜਿਸ ਵਿੱਚ ਇੱਕ ਪੰਨੇ ਦੀ ਆਪ ਬੀਤੀ ਕਥਾ ਲਿਖੀ ਹੈ। ਨਾਲ ਹੀ ਉਨ੍ਹਾਂ ਨੇ ਕੁਝ ਮਾਇਆ ਚੈੱਕ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਭੇਟ ਕਰਨ ਲਈ ਭੇਜਿਆ। ਇਸ ਪੱਤਰ ਦੇ ਆਖ਼ਰੀ ਵਾਕ ਹਨ ਕੇ ਇਹ ਕਥਾ ਸੰਗਤ ਵਿਚ ਸੁਣਾ ਦੇਣੀ। (ਜੋ ਇਨ੍ਹਾਂ ਸਤਰਾਂ ਦੇ ਲੇਖਕ **(ਹਰਪਾਲ ਸਿੰਘ ਸੇਵਕ)** ਨੇ ਹੋਲੇ-ਮਹੱਲੇ ਦੌਰਾਨ 31 ਮਾਰਚ 2021 ਨੂੰ ਆਸਾ ਦੀ ਵਾਰ ਉਪਰੰਤ ਸੁਣਾਏ।)

ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਦੀ ਇੱਕ ਗਾਥਾ ਸਤਿਜੁਗ ਦੇ ਪਾਠਕਾਂ ਨਾਲ ਵੀ ਸਾਂਝੀ ਕਰਨ ਦੀ ਖੁਸ਼ੀ ਲੈਂਦਾ ਹਾਂ-

ਸ਼ੰਕਰ ਦੇ ਇਕ ਨਾਮਧਾਰੀ ਸਿੱਖ ਸੰਤ 'ਸੰਤ ਰਾਮ ਸਿੰਘ ਜੀ' ਪੱਕੇ ਨਿੱਤਨੇਮੀ ਸਿਦਕੀ ਅਤੇ ਗੁਰੂ ਚਰਨਾਂ ਦੇ ਪ੍ਰੇਮੀ ਸਿੱਖ ਸਨ। ਆਪ ਦੇ ਸਪੁੱਤਰ ਰਘਬੀਰ ਸਿੰਘ ਜੀ ਪਰਿਵਾਰ ਸਮੇਤ ਅਮਰੀਕਾ ਸੈਟਲ ਹੋ ਗਏ। ਉੱਥੋਂ ਦੇ ਮਾਹੌਲ ਵਿੱਚ ਸੰਤ ਰਘਬੀਰ ਸਿੰਘ ਜੀ ਦਾ ਸਪੁੱਤਰ ਜਤਿੰਦਰ ਸਿੰਘ ਕਲੀਨ ਸ਼ੇਵ ਹੋ ਗਿਆ। ਮਾਸ-ਸ਼ਰਾਬ ਵੀ ਖਾਣ-ਪੀਣ ਲੱਗ ਗਿਆ। ਉਨ੍ਹਾਂ ਦੇਸ਼ਾਂ ਵਿੱਚ ਜਵਾਨ ਬੱਚਿਆਂ ਨੂੰ ਸਖ਼ਤੀ ਨਾਲ ਵੀ ਨਹੀਂ ਰੋਕਿਆ ਜਾ ਸਕਦਾ ਪਰ ਇਸ ਗੱਲੋਂ ਸ. ਰਘਬੀਰ ਸਿੰਘ ਜੀ ਬੜੇ ਪ੍ਰੇਸ਼ਾਨ ਰਹਿੰਦੇ। ਹਮੇਸ਼ਾਂ ਅਰਦਾਸਾਂ ਕਰਦੇ ਕਿ "ਹੇ ਸੱਚੇ ਪਾਤਸ਼ਾਹ ਜੀ! ਤੁਸੀਂ ਹੀ ਕ੍ਰਿਪਾ ਕਰ ਸਕਦੇ ਹੋ, ਜਤਿੰਦਰ ਨੂੰ ਸੁਮੱਤ ਬਖਸ਼ੋ ਆਪ ਜੀ ਦੀ ਫੁਲਵਾੜੀ ਦਾ ਬੂਟਾ ਹੈ। ਆਪ ਜੀ ਦਾ ਹੀ ਬਣ ਕੇ ਰਹੇ।" ਸਾਲ 2016 ਵਿੱਚ ਸਤਿਗੁਰੂ ਸੱਚੇ ਪਾਤਸ਼ਾਹ ਦੀ ਐਸੀ ਕਿਰਪਾ ਹੋਈ ਕਿ ਜਤਿੰਦਰ ਸਿੰਘ 'ਮਾਨਸ ਤੋਂ ਦੇਵਤਾ' ਬਣ ਗਿਆ। ਇਹ ਗੁਰ ਗਾਥਾ ਲਿਖਦਿਆਂ ਸ. ਰਘਬੀਰ ਸਿੰਘ ਜੀ ਪੱਤਰ ਦਾ ਆਰੰਭ ਕਰਦੇ ਹਨ-

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**My dream come true**

2016 ਅਗਸਤ ਦਾ ਮਹੀਨਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਸੁਪਨੇ ਵਿੱਚ ਆਏ ਮੇਰੇ ਵੱਡੇ ਲੜਕੇ (ਜਤਿੰਦਰ) ਦੇ ਸਿਰ 'ਤੇ ਹੱਥ ਰੱਖਿਆ। ਐਸੀ ਕਿਰਪਾ ਹੋਈ ਕਿ ਜਤਿੰਦਰ ਦੀ 'ਬੁੱਧ ਬਦਲੀ ਸਿਧ ਪਾਈ' ਗੁਰਵਾਕ ਸਾਕਾਰ ਹੋ ਗਿਆ। ਉਸ ਨੇ ਮਾਸ-ਸ਼ਰਾਬ ਛੱਡ ਦਿੱਤਾ। ਦੋ ਕੁ ਮਹੀਨਿਆਂ ਬਾਅਦ ਹੀ ਸਾਡਾ ਇੰਡੀਆ ਆਉਣ ਦਾ ਪ੍ਰੋਗਰਾਮ ਬਣ ਗਿਆ। ਪਿੰਡ ਆ ਕੇ ਅਸੀਂ ਦੋਵੇਂ ਪਿਉ-ਪੁੱਤ ਸ਼ੰਕਰ ਤੋਂ ਫਗਵਾੜੇ ਆਏ। ਸ. ਨਿਰਮਲ ਸਿੰਘ ਨੂੰ ਨਾਲ ਲੈ ਕੇ ਸ੍ਰੀ ਭੈਣੀ ਸਾਹਿਬ ਪੁੱਜ ਗਏ। ਜਤਿੰਦਰ ਨੇ ਕਿਹਾ, ਮੈਂ ਪੱਗ ਲੈਣੀ ਹੈ, ਅਸੀਂ ਕਾਨਪੁਰ ਵਾਲੇ ਗਿਆਨੀ ਮੇਹਰ ਸਿੰਘ ਜੀ ਦੇ ਲੜਕੇ ਦੀ ਦੁਕਾਨ 'ਤੇ ਗਏ, ਪੱਗ ਖ਼ਰੀਦੀ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ 'ਚ ਹਾਜ਼ਰ ਹੋਏ। ਪੱਗ ਬੰਨਾਉਣ ਵਾਸਤੇ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਨੇ ਨਿਤਨੇਮ ਉਪਰੰਤ ਪੱਗ ਬੰਨ੍ਹਣ ਦੀ ਕਿਰਪਾ ਕੀਤੀ।

ਸੂਬਾ ਬਲਵਿੰਦਰ ਸਿੰਘ ਜੀ ਤੋਂ ਭਜਨ ਦਵਾ ਦਿੱਤਾ ਅਤੇ ਹੁਕਮ ਕੀਤਾ ਕਿ ਕੱਲ੍ਹ ਨੂੰ ਅੰਮ੍ਰਿਤ ਛਕ ਲਵੋ, ਸੀਸ 'ਤੇ ਗੁਰਮੁਖੀ ਦਸਤਾਰਾ ਸੱਜ ਗਿਆ। ਕੰਨਾਂ ਰਾਹੀਂ ਹਿਰਦੇ ਵਿੱਚ ਗੁਰਮੰਤਰ ਪ੍ਰਵੇਸ਼ ਕਰ ਗਿਆ ਅਤੇ ਅੰਮ੍ਰਿਤ ਛਕ ਕੇ ਜਤਿੰਦਰ ਸਿੰਘ 'ਗੁਰਮੁਖ' ਬਣ ਗਿਆ। ਪੰਜ ਸਾਲ ਹੋ ਗਏ ਹਨ, ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਸਦਕਾ ਸਤਿਗੁਰੂ ਉਦੇ ਸਿੰਘ ਜੀ ਦੇ ਬਚਨਾਂ ਤੇ ਚਲਦਿਆਂ 'ਪਿਊ ਦਾਦੇ ਜੇਵੇਹਿਆ ਪੋਤਾ ਪ੍ਰਵਾਨ' ਆਪਣੇ ਦਾਦੇ ਸੰਤ ਰਾਮ ਸਿੰਘ ਜੀ ਦੇ ਪਗ ਚਿੰਨ੍ਹਾਂ 'ਤੇ ਚਲਦਿਆਂ ਜਤਿੰਦਰ ਸਿੰਘ ਦੇਵਤਿਆਂ ਵਾਲਾ, ਗੁਰਸਿੱਖਾਂ ਵਾਲਾ ਜੀਵਨ ਬਤੀਤ ਕਰ ਰਿਹਾ ਹੈ।

94176-01321



ਜਸਵੰਤ ਸਿੰਘ ਮਸਤ
98550-58178

# ਬਾਡੀ ਬਿਲਡਰ ਕਿਸ਼ਨ ਸਿੰਘ

ਕਿਸ਼ਨ ਸਿੰਘ ਦਾ ਜਨਮ 23-9-1992 ਨੂੰ ਸ੍ਰੀ ਕੁਲਵੰਤ ਸਿੰਘ ਰਾਜ ਮਿਸਤਰੀ ਦੇ ਘਰ ਸ੍ਰੀਮਤੀ ਬਲਜੀਤ ਕੌਰ ਦੀ ਕੁੱਖੋਂ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਦੋ ਬੇਟੀਆਂ ਤੋਂ ਬਾਅਦ ਹੋਣ ਕਾਰਨ ਕਿਸ਼ਨ ਸਿੰਘ ਮਾਪਿਆਂ ਦਾ ਲਾਡਲਾ ਹੋ ਗਿਆ। ਜਿਸ ਕਾਰਨ ਮਾਪੇ ਉਸ ਦੇ ਸ਼ੌਂਕ ਪੂਰੇ ਕਰਨ ਦੀ ਕੋਸ਼ਿਸ਼ ਕਰਦੇ। ਕਿਸ਼ਨ ਸਿੰਘ ਨੂੰ ਬਚਪਨ ਤੋਂ ਹੀ ਜਿੰਮ ਦਾ ਬਹੁਤ ਸ਼ੌਂਕ ਸੀ। ਪਿਤਾ ਬੇਸ਼ੱਕ ਰਾਜ ਮਿਸਤਰੀ ਹੈ ਪਰ ਉਸ ਨੇ ਦਿਨ-ਰਾਤ ਇੱਕ ਕਰ ਕੇ ਕਿਸੇ ਤਰੀਕੇ ਕਿਸ਼ਨ ਸਿੰਘ ਵਾਸਤੇ ਜਿੰਮ ਘਰ ਵਿੱਚ ਲਵਾ ਦਿੱਤੀ। ਕਿਸ਼ਨ ਸਕੂਲ ਜਾਂਦਾ ਤੇ ਬਾਕੀ ਸਮਾਂ ਜਿੰਮ ਨੂੰ ਦੇਂਦਾ। ਸਮਾਂ ਬੀਤਦਾ ਗਿਆ ਅਤੇ ਉਸ ਨੇ ਸਰਕਾਰੀ ਸਕੂਲ ਸ੍ਰੀ ਭੈਣੀ ਸਾਹਿਬ ਤੋਂ ਬਾਰ੍ਹਵੀਂ ਕਰ ਲਈ। ਮੈਂ ਕਈ ਸਾਲਾਂ ਤੋਂ ਕਿਸ਼ਨ ਸਿੰਘ ਨੂੰ ਜਾਣਦਾ ਹਾਂ, ਉਹ ਬਹੁਤ ਹੀ ਨਰਮ ਤੇ ਮਿਲਾਪੜੇ ਸੁਭਾਅ ਦਾ ਮਾਲਕ ਹੈ। ਕੱਦ ਦਾ ਦਰਮਿਆਨਾ ਹੈ ਪਰ ਹੌਂਸਲਾ ਸ਼ੇਰਾਂ ਵਾਂਗ ਹੈ। ਘਰ ਦੀ ਹਾਲਤ ਅਨੁਕੂਲ ਨਾ ਹੋਣ ਕਾਰਨ ਵੀ ਕਿਸ਼ਨ ਸਿੰਘ ਜਿੰਮ ਤੇ ਸਖ਼ਤ ਮਿਹਨਤ ਕਰਦਾ ਰਿਹਾ। ਬੇਸ਼ੱਕ ਕੋਈ ਵਿਸ਼ੇਸ਼ ਟ੍ਰੇਨਰ ਜਾਂ ਖ਼ੁਰਾਕ ਦਾ ਪ੍ਰਬੰਧ ਮਾਪੇ ਨਾ ਕਰ ਸਕੇ, ਪਰ ਗਰੀਬੀ ਉਸ ਦਾ ਹੌਂਸਲਾ ਨਾ ਤੋੜ ਸਕੀ।

ਉਸ ਨੇ ਸਭ ਤੋਂ ਪਹਿਲਾਂ ਵੀ ਅੱਠਵੀਂ ਵਿੱਚ ਪੜ੍ਹਦਿਆਂ ਜ਼ਿਲ੍ਹਾ ਪੱਧਰ ਦੀ ਵੇਟ ਲਿਫਟਿੰਗ ਵਿੱਚ ਹਿੱਸਾ ਲਿਆ ਤੇ ਸਿਲਵਰ ਮੈਡਲ ਹਾਂਸਿਲ ਕੀਤਾ। ਫਿਰ U-16 ਦੀ ਜ਼ਿਲ੍ਹਾ ਸਕੂਲ ਚੈਂਪੀਅਨਸ਼ਿਪ ਵਿੱਚ ਉਸ ਨੇ ਪਹਿਲੀ ਪੁਜੀਸ਼ਨ ਹਾਂਸਲ ਕੀਤੀ। ਉਸ ਤੋਂ ਬਾਅਦ ਕਿਸ਼ਨ ਸਿੰਘ ਨੇ ਵੇਟਲਿਫਟਿੰਗ ਤੇ ਫਿਰ ਬਾਡੀ ਬਿਲਡਿੰਗ ਵਿੱਚ 16 ਮੈਡਲ ਜਿੱਤੇ। ਉਸ ਨੇ 2012-13 ਦੇ ਇੰਟਰ ਕਾਲਜ ਮੁਕਾਬਲਿਆਂ ਦੌਰਾਨ ਚੰਡੀਗੜ੍ਹ ਵਿਖੇ ਵੀ ਸਿਲਵਰ ਮੈਡਲ ਹਾਂਸਲ ਕੀਤਾ। ਕੁਝ ਸਮੇਂ ਦੇ ਲਈ ਕਿਸ਼ਨ ਨੇ ਖੰਨਾ ਵਾਸੀ ਕੋਚ ਸ਼ੁਭਕਰਮਨ ਸਿੰਘ ਤੋਂ ਵੇਟਲਿਫਟਿੰਗ ਦੀ ਕੋਚਿੰਗ ਲਈ।




ਫੇਰ ਉਸ ਨੇ ਲੁਧਿਆਣਾ ਵਿਖੇ ਵੇਟ ਲਿਫਟਿੰਗ ਤੋਂ ਬਾਅਦ ਕੋਚ ਅਮਰਜੀਤ ਸਿੰਘ ਜਿਓਤੀ ਤੋਂ ਬਾਡੀ ਬਿਲਡਿੰਗ ਦੀ ਕੋਚਿੰਗ ਲੈਣੀ ਸ਼ੁਰੂ ਕਰ ਦਿੱਤੀ। ਇਸ ਦੌਰਾਨ 2011 ਵਿੱਚ ਉਹ ਮਿਸਟਰ ਲੁਧਿਆਣਾ ਅਤੇ ਅਗਲੇ ਸਾਲ 2012 ਵਿੱਚ ਮਿਸਟਰ ਪੰਜਾਬ ਬਣਿਆ। ਕਿਸ਼ਨ ਸਿੰਘ ਨੇ ਆਪਣੇ ਸੁਪਨਿਆਂ ਦੀ ਪੂਰਤੀ ਲਈ ਅੱਗੇ ਵੱਧਣਾ ਸ਼ੁਰੂ ਹੀ ਕੀਤਾ ਸੀ, ਪਰ ਕਿਸਮਤ ਨੇ ਉਸ ਨੂੰ ਧੋਖਾ ਦੇ ਦਿੱਤਾ। 2012 ਵਿੱਚ ਉਸਦੀ ਇੱਕ ਭੈਣ ਦਾ ਐਕਸੀਡੈਂਟ ਹੋ ਗਿਆ ਤੇ ਉਸ 'ਤੇ ਕਾਫ਼ੀ ਖਰਚਾ ਆਇਆ, ਅਖੀਰ ਭੈਣ ਦੀ ਮੌਤ ਹੋ ਗਈ। ਨਤੀਜੇ ਵਜੋਂ ਪਰਿਵਾਰ ਦੀ ਆਰਥਿਕ ਤੇ ਮਾਨਸਿਕ ਸਥਿਤੀ ਡਾਵਾਂ-ਡੋਲ ਹੋ ਗਈ ਤੇ ਕਿਸ਼ਨ

ਨੂੰ ਪੜਾਈ ਵਿੱਚੇ ਛੱਡਣੀ ਪਈ। ਕਿਸ਼ਨ ਸਿੰਘ ਦੱਸਦਾ ਹੈ ਕਿ ਅਜਿਹੀ ਹਾਲਤ ਵਿੱਚ ਵੀ ਉਸ ਨੇ ਹੌਂਸਲਾ ਨਾ ਛੱਡਿਆ ਸਾਰਾ ਦਿਨ ਪਿਤਾ ਨਾਲ ਮਿਹਨਤ ਮਜ਼ਦੂਰੀ ਕਰਦਾ ਤੇ ਸ਼ਾਮ ਨੂੰ ਆ ਕੇ ਜਿੰਮ ਲਾਉਂਦਾ। ਪਰ ਕੁਦਰਤ ਨੂੰ ਇਹ ਵੀ ਮਨਜ਼ੂਰ ਨਹੀਂ ਸੀ, ਫੇਰ ਇੱਕ ਦਿਨ 2014 ਦੇ ਲਗਭਗ ਕਿਸ਼ਨ ਸਿੰਘ ਦੀ ਮਾਤਾ ਦਾ ਐਕਸੀਡੈਂਟ ਹੋ ਗਿਆ। ਮਾਤਾ ਦੇ ਇਲਾਜ 'ਤੇ ਕਾਫ਼ੀ ਜਿਆਦਾ ਖ਼ਰਚ ਆਇਆ। ਕਰਜਾ ਚੁੱਕਿਆ ਗਿਆ ਮਾਤਾ ਤਾਂ ਠੀਕ ਹੋ ਗਈ ਪਰ ਕਰਜਾ ਬਹੁਤ ਚੜ੍ਹ ਗਿਆ। ਕਰਜ਼ੇ ਨੂੰ ਲਾਹੁਣ ਲਈ ਜਿਥੇ ਕਿਸ਼ਨ ਸਿੰਘ ਦੇ ਪਿਤਾ ਨੂੰ ਬਹੁਤ ਮਿਹਨਤ ਕਰਨੀ ਪਈ ਉੱਥੇ ਕਿਸ਼ਨ ਸਿੰਘ ਦੱਸਦਾ ਹੈ ਕਿ ਮੈਨੂੰ ਵੀ ਆਖਿਰ ਇੱਕ ਦਿਨ ਦਿਲ ਤੇ ਪੱਥਰ ਰੱਖ ਕੇ 2015 ਵਿੱਚ ਜਿੰਮ ਵੇਚਣੀ ਪਈ। ਜਿਸ ਦਿਨ ਜਿੰਮ ਵੇਚੀ, ਉਸ ਦਿਨ ਕਿਸ਼ਨ ਸਿੰਘ ਭੁੱਬਾਂ ਮਾਰ-ਮਾਰ ਰੋਇਆ। ਪਰ ਕਿਸਮਤ ਫੇਰ ਵੀ ਕਿਸ਼ਨ ਸਿੰਘ ਦਾ ਹੌਂਸਲਾ ਨਾ ਤੋੜ ਸਕੀ। ਉਹ ਲਗਾਤਾਰ ਸ੍ਰੀ ਭੈਣੀ ਸਾਹਿਬ ਦੇ ਹਾਕੀ ਸਟੇਡੀਅਮ ਵਿੱਚ ਜਾ ਕੇ ਕਸਰਤ ਕਰਦਾ ਰਿਹਾ। ਕਦੀ ਡੰਡ ਬੈਠਕਾਂ ਲਾਉਂਦਾ, ਉੱਥੇ ਹੀ ਜਿੰਮ ਲਾਉਣੀ ਤੇ ਕਦੀ ਟਾਇਰ ਖਿੱਚਣਾ ਵਗੈਰਾ-ਵਗੈਰਾ। ਇਸੇ ਸਮੇਂ ਦੌਰਾਨ ਬੀਬੀ ਹਰਨਾਮ ਕੌਰ ਨਾਲ ਉਸ ਦਾ ਵਿਆਹ ਹੋ ਗਿਆ। ਪਤਨੀ ਨੇ ਵੀ ਉਸ ਦਾ ਭਰਪੂਰ ਸਾਥ ਦਿੱਤਾ ਤੇ ਕਿਸ਼ਨ ਸਿੰਘ ਨੇ ਵੀ ਪਿਓ ਦੇ ਨਾਲ ਕੰਮ ਵਿੱਚ ਹੱਥ ਵਟਾਉਣ ਦੇ ਨਾਲ-ਨਾਲ ਆਪਣੀ ਮਿਹਨਤ ਜਾਰੀ ਰੱਖੀ।

**ਫਲਸਰੂਪ 19/20 ਮਾਰਚ 2021 ਨੂੰ ਉਸ ਨੇ 4 ਮਿੰਟ 40 ਸੈਕਿੰਡ ਵਿੱਚ 110 ਕਿੱਲੋ ਵਜ਼ਨ ਚੁੱਕ ਕੇ 50 ਬੈਠਕਾਂ ਲਾਉਣ ਦਾ ਰਿਕਾਰਡ ਕਾਇਮ ਕੀਤਾ। ਉਸ ਦਾ ਇਹ ਰਿਕਾਰਡ ਇੰਡੀਆ ਬੁੱਕ ਆਫ ਰਿਕਾਰਡ ਵਿਚ ਵੀ ਦਰਜ ਹੋ ਗਿਆ ਹੈ ਤੇ ਵਰਲਡ ਬੁੱਕ ਆਫ ਰਿਕਾਰਡ ਵਿੱਚ ਦਰਜ ਕਰਨ ਦਾ ਪ੍ਰੋਸੈੱਸ ਚੱਲ ਰਿਹਾ ਹੈ।**

ਵਰਲਡ ਬੁੱਕ ਦੀ ਕਮੇਟੀ ਨੇ ਮੇਲ ਭੇਜ ਕੇ ਪ੍ਰਵਾਨਗੀ ਤਾਂ ਦੇ ਦਿੱਤੀ ਹੈ ਪਰ ਅਗਲੀ ਕਾਰਵਾਈ ਚੱਲ ਰਹੀ ਹੈ, ਕੁਝ ਹੀ ਸਮੇਂ ਵਿੱਚ ਉਸ ਵਿਚ ਵੀ ਦਰਜ ਹੋ ਜਾਵੇਗਾ। ਕਿਸ਼ਨ ਸਿੰਘ ਦੱਸਦਾ ਹੈ ਕਿ ਉਹ ਕੁਝ ਦੋਸਤਾਂ ਮਿੱਤਰਾਂ ਤੇ ਹਮਦਰਦੀਆਂ ਦੀ ਸਹਾਇਤਾ ਨਾਲ ਹੁਣ ਫਿਰ ਜਿੰਮ ਲਵੇਗਾ ਅਤੇ ਮਿਹਨਤ ਕਰਕੇ ਆਪਣੇ ਸੁਪਨਿਆਂ ਨੂੰ ਪੂਰਾ ਕਰੇਗਾ।

..............................................................

**ਬਾਕੀ ਸਫ਼ਾ 21 ਦੀ**

**ਉਸਤਤ ਕਾਵਿ......**

ਆਪਣੀ ਪ੍ਰਤੀਬੱਧਤਾ ਦਿਖਾਈ। ਅੱਜ ਨਾਮਧਾਰੀ ਭਾਈਚਾਰਾ ਜਿਸ ਇਤਿਹਾਸਕ ਅਤੇ ਵਿਸ਼ਵਪੱਧਰ 'ਤੇ ਆਪਣੀ ਪਹਿਚਾਣ ਬਣਾ ਰਿਹਾ ਹੈ, ਉਸ ਪਹਿਚਾਣ ਵਿੱਚ ਸਤਿਗੁਰੂ ਜਗਜੀਤ ਸਿੰਘ ਅਤੇ ਸਤਿਗੁਰੂ ਉਦੇ ਸਿੰਘ ਜੀ ਦਾ ਬਹੁਤ ਵੱਡਾ ਯੋਗਦਾਨ ਹੈ।


ਬੰਗਲੌਰ ਵਿਚ ਏਸ਼ੀਆ ਦਾ ਸਭ ਤੋਂ ਵੱਡਾ ਨਾਮਧਾਰੀ ਬੀਜ ਉਤਪਾਦਨ, ਫਾਰਮ ਹਾਊਸ ਬਣਿਆ ਹੋਇਆ ਹੈ। ਇਸ ਰਾਹੀਂ ਦੱਖਣੀ-ਏਸ਼ੀਆ ਦੇ ਦੇਸ਼ਾਂ ਨੂੰ ਬੀਜ ਸਪਲਾਈ ਕੀਤੇ ਜਾਂਦੇ ਹਨ। ਬੰਗਲੌਰ ਬੀਜ ਫਾਰਮ ਸਤਿਗੁਰੂ ਉਦੇ ਸਿੰਘ ਦੀ ਰਹਿਨਮਾਈ ਅਧੀਨ ਵਿਸ਼ਵ ਪੱਧਰ 'ਤੇ ਆਪਣਾ ਯੋਗਦਾਨ ਦੇ ਰਿਹਾ ਹੈ। ਅੱਜ ਸਤਿਗੁਰੂ ਉਦੇ ਸਿੰਘ ਜੀ ਪੂਰੇ ਭਾਈਚਾਰੇ ਦੀ ਰਹਿਨੁਮਾਈ ਕਰ ਰਹੇ ਹਨ। ਸੱਚੇ ਅਰਥਾਂ ਵਿਚ ਉਹ ਨਾਮਧਾਰੀ ਪਰਿਵਾਰ, ਭਾਈਚਾਰੇ ਤੇ ਪੰਜਾਬੀਅਤ ਨੂੰ ਅੱਗੇ ਲਿਜਾਣ ਲਈ ਯਤਨ ਕਰ ਰਹੇ ਹਨ। ਭਵਿੱਖ ਵਿਚ ਉਨ੍ਹਾਂ ਦੇ ਬੜੇ ਹਾਂ ਪੱਖੀ ਸਿੱਟੇ ਸਾਡੇ ਸਾਹਮਣੇ ਆਉਣਗੇ। ਇਕ ਉਦਹਾਰਣ ਦੇ ਤੌਰ 'ਤੇ ਲੁਧਿਆਣੇ ਬੁੱਢੇ ਨਾਲੇ ਦੀ ਸਫ਼ਾਈ ਦਾ ਇਤਿਹਾਸਕ ਕਾਰਜ ਵੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਹੋ ਰਿਹਾ ਹੈ। ਵਾਤਾਵਰਨ ਦੀ ਸੰਭਾਲ, ਗਊ ਸੁਰੱਖਿਆ ਨੂੰ ਇਕ ਨਵੇਂ ਚਿੰਤਨ ਨਾਲ ਜੋੜ ਕੇ ਕੀਤੇ ਜਾ ਰਹੇ ਯਤਨ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਉਤੇ ਸਵੀਕਾਰ ਕੀਤੇ ਗਏ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ 100 ਸਾਲਾ ਪ੍ਰਕਾਸ਼ ਸ਼ਤਾਬਦੀ ਮੌਕੇ ਇਹ ਵੱਖ-ਵੱਖ ਕਵੀਆਂ ਦੁਆਰਾ ਪ੍ਰਕਾਸ਼ਿਤ ਕਵਿਤਾਵਾਂ ਦਾ ਸੰਗ੍ਰਹਿ, ਗੁਰੂ ਜੀ ਨੂੰ ਸਮਰਪਿਤ ਛੋਟਾ ਜਿਹਾ ਯਤਨ ਹੈ। ਜਿਨ੍ਹਾਂ ਕਵੀਆਂ ਦੀਆਂ ਕਵਿਤਾਵਾਂ ਨੂੰ ਸੰਕਲਿਤ ਕੀਤਾ ਗਿਆ ਹੈ- ਉਨ੍ਹਾਂ ਦਾ ਚਿੰਤਨ, ਉਨ੍ਹਾਂ ਦੀ ਲਿਖਣ ਸੋਝੀ ਸਮੁੱਚੀ ਪੰਜਾਬੀ ਕਵਿਤਾ ਦੀ ਪ੍ਰਤੀਨਿਧ ਕਵਿਤਾਵਾਂ ਦੇ ਨਾਲ ਜੁੜੀ ਹੋਈ ਹੈ। ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਤਿਗੁਰੂ ਉਦੇ ਸਿੰਘ ਜੀ ਦੇ ਯਤਨ ਪੰਜਾਬ, ਪੰਜਾਬੀਅਤ, ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਨਵੇਂ ਦਿਸਹੱਦਿਆਂ ਤੱਕ ਲੈ ਜਾਣਗੇ।

..............................................................

# ਬੀਤੇ ਦੀਆਂ ਪੈੜਾਂ

(ਅਣਛਪਿਆ-ਭਾਗ)



ਪ੍ਰੀਤਮ ਸਿੰਘ ਕਵੀ

**(ਪਿਛਲੇ ਅੰਕ ਤੋਂ ਅੱਗੇ)** (21-9-1986)

ਅੱਜ ਕੀਰਤਨ ਸਮੇਂ ਰਾਗ ਕੇਦਾਰਾ ਨੂੰ ਮਾਣ ਬਖਸ਼ਿਆ ਸਤਿਗੁਰੂ ਜੀ ਨੇ ਆਪ ਮੰਗਲਾ ਚਰਣ ਕਰਕੇ। ਸ਼ਬਦ ਗੰਵੇਂ ਗਏ :

-ਛੀਰ ਕੈਸੀ ਛੀਰਾ ਵਧ (ਧਰੁਪਦ)

-ਰਾਮ ਰਾਮ ਬੋਲਤੇ ਵਡਭਾਗੀ

ਦੀਵਾਨ ਦਾ ਖ਼ੂਬ ਆਨੰਦ ਬਣਿਆ। ਸੰਤ ਨਰੈਣ ਸਿੰਘ ਨਰੂਲਾ ਨੇ ਦੀਵਾਨ ਦੀ ਅਰਦਾਸ ਕਰਕੇ ਸੰਗਤ ਨੂੰ ਏਥੇ ਹੀ ਲੰਗਰ ਛਕਣ ਦੀ ਬਿਨੈ ਕੀਤੀ। ਸਾਰੇ ਕੇ. ਐਸ. ਪਰਵਾਰ ਵਲੋਂ ਵਿਵਧ ਭਾਂਤ ਲੰਗਰ ਤਿਆਰ ਸੀ। ਘਾਹ ਪਾਰਕ ਵਿੱਚ ਲੰਗਰ ਦੀ ਵਿਵਸਥਾ ਸੀ।

ਸ੍ਰੀ ਸਤਿਗੁਰੂ ਜੀ ਅਤੇ ਨਾਲ ਦੇ ਜਥੇ ਵਾਸਤੇ ਸੇਠ ਤਰਨ ਸਿੰਘ-ਬੀਬੀ ਸੁਰਿੰਦਰ ਕੌਰ ਦੇ ਨਿਵਾਸ 5ਵੀਂ ਛੱਤ 'ਤੇ ਫਲਾਹਾਰ ਅਤੇ ਹੋਰ ਛਕਣ ਛਕਾਣ ਦਾ ਪ੍ਰਬੰਧ ਸੀ। ਪਰਵਾਰ ਵਿੱਚ ਸੇਵਾ ਕਰਨ ਵਾਲਿਆਂ ਹਰ ਕਿਸੇ ਨੂੰ ਸੰਤੁਸ਼ਟ ਕੀਤਾ। ਫਲਾਂ ਵਿੱਚ ਦਰਯਾਨ (ਏਥੇ ਫਲਾਂ ਦਾ ਬਾਦਸ਼ਾਹ), ਮਾਂਗਣੀਆਂ, ਕੰਡਾ ਫਲ, ਸੇਬ, ਸੰਤਰੇ, ਕੇਲਾ ਆਦਿ ਮਿਠਾਈਆਂ ਵਿੱਚ ਜਲੇਬੀਆਂ, ਬਰਫੀ, ਗੁੜ ਗਿਰੀ, ਗਜਰੇਲਾ ਆਦਿ। ਇਹ ਸਾਰੇ ਪਦਾਰਥ ਲਓਢੇ ਵੇਲੇ ਸ਼ਾਮ ਦੇ ਲੰਗਰਾਂ ਵਿੱਚ ਸ਼ਾਮਲ ਹੁੰਦੇ ਹਨ।

ਮੈਨੂੰ ਤਾਂ ਸ੍ਰੀ ਸਤਿਗੁਰੂ ਜੀ ਪਾਸ ਬੈਠਣ ਦਾ ਸੁਅਵਸਰ ਨਹੀਂ ਮਿਲਿਆ ਪਰ ਮੈਂ ਨੋਟ ਕੀਤਾ ਕਿ ਪਰਵਾਰ ਦੇ ਮੈਂਬਰ, ਵਿਸ਼ੇਸ਼ ਵਿਅਕਤੀ ਅਤੇ ਹਜ਼ੂਰੀ ਜਥੇ ਦੇ ਆਗੂ ਆਦਮੀ ਸਤਿਗੁਰੂ ਜੀ ਦੀ ਸੰਗਤ ਵਿੱਚ ਰਹੇ। ਖ਼ਾਸੀ ਰੌਣਕ ਰਹੀ। ਸ੍ਰੀ ਸਤਿਗੁਰੂ ਜੀ ਨੇ ਵੀ ਖ਼ੂਬ ਖੁਸ਼ੀਆਂ ਬਖਸ਼ੀਆਂ।

**ਸੇਠ ਤਰਨ ਸਿੰਘ ਚਾਵਲਾ** – ਸੰਤ ਕਰਤਾਰ ਸਿੰਘ ਚਾਵਲਾ ਦਾ ਇਹ ਛੋਟਾ ਸਪੁੱਤਰ ਸੁਪੁਸ਼ਟ ਸਰੀਰ ਦਾ ਤਿਆਰ ਬਰ ਤਿਆਰ ਵਿਅਕਤੀ ਹੈ। ਇਹ ਆਸਾ ਦੀ ਵਾਰ ਦਾ ਸੁੰਦਰ ਕੀਰਤਨਕਾਰ ਹੈ, ਆਦਿ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਪਾਠੀ। ਧਨ ਪਦਾਰਥ ਵਲੋਂ ਤਾਂ ਇਹਨਾਂ ਦੀ ਫਰਮ ਕੇ. ਐਸ. ਗੁਰਚਰਨ ਸਿੰਘ ਸਿਖਰ 'ਤੇ ਹੀ ਹੈ। ਤਰਨ ਸਿੰਘ ਜੀ ਦੀ ਜੀਵਨ ਸੰਗਣ ਬੀਬੀ ਸੁਰਿੰਦਰ ਕੌਰ ਡਾਲਟਨਗੰਜ ਦੇ ਪ੍ਰਸਿੱਧ ਸੰਤ ਜੈ ਸਿੰਘ ਜੀ ਦੀ ਸਪੁੱਤਰੀ ਅਤੇ ਸੇਠ ਕਿਰਪਾਲ ਸਿੰਘ-ਮਹਿੰਦਰ ਸਿੰਘ ਆਦਿ ਭਰਾਵਾਂ ਦੀ ਭੈਣ ਹੈ। ਜੋੜੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਕੰਵਲਾਂ ਦੀ ਪ੍ਰੇਮਣ ਅਤੇ ਬੈਂਕੋਕ ਦੀ ਸੰਗਤ ਦੇ ਮਸਲਿਆਂ ਵੱਲ ਵੀ ਉਸਾਰੂ ਦ੍ਰਿਸ਼ਟੀਕੋਣ ਵਾਲੀ ਹੈ। ਰੋਜ਼ਾਨਾ ਹੀ ਸੇਠ ਤਰਨ ਸਿੰਘ ਚਾਵਲਾ ਵਾਲੀਬਾਲ ਦੇ ਖਿਡਾਰੀਆਂ ਵਿੱਚ ਸ਼ਾਮਲ ਹੁੰਦਾ ਹੈ।

ਸ੍ਰੀ ਸਤਿਗੁਰੂ ਜੀ ਨੂੰ ਏਥੇ ਬੈਠਿਆਂ, ਛਕਦੇ ਛਕਾਂਦਿਆਂ ਅਤੇ ਬਚਨ ਬਿਲਾਸ ਕਰਦਿਆਂ ਰਾਤ ਦੇ 8.30 ਵੱਜ ਗਏ।

**ਸ਼ੌਕੀਨ ਵਾਲੀਬਾਲ ਦੇ** – ਇੱਕ ਸਕੂਲ ਦੀ ਗਰਾਊਂਡ ਵਿੱਚ ਨਹੀਂ, ਸਗੋਂ ਸਕੂਲ ਬਿਲਡਿੰਗ ਵਿੱਚ ਵਾਲੀਬਾਲ ਖੇਡਣ ਲਈ ਹਾਲ ਨਿਸਚਿਤ ਹੈ। ਕਈ ਦਿਨਾਂ ਤੋਂ ਸੱਚੇ ਪਾਤਸ਼ਾਹ ਜੀ ਬੈਂਕੋਕ ਵਿੱਚ ਨਾਮਧਾਰੀ ਜਵਾਨੀ ਨੂੰ ਏਥੇ ਦਰਸ਼ਨ ਦੇ ਕੇ, ਉਸ ਨਾਲ ਵਾਲੀਬਾਲ ਖੇਡ ਕੇ ਨਿਵਾਜਦੇ ਹਨ। ਮੈਨੂੰ ਭੀ ਅੱਜ ਮਿੱਤਰ ਪਿਆਰਾ ਗਜਿੰਦਰ ਸਿੰਘ ਨਰੂਲਾ ਸੇਠ ਪਰਵਾਰ ਨਾਲ ਗੱਡੀ 'ਤੇ ਲੈ ਆਇਆ। ਉਸ ਆਪਣਾ ਕੈਮਰਾ ਵੀ ਮੇਰੇ ਹਵਾਲੇ ਕੀਤਾ ਕਿ ਮੈਂ ਮਨਪਸੰਦ ਫੋਟੋਗ੍ਰਾਫੀ ਵੀ ਕਰ ਲਵਾਂ। ਏਥੇ ਅੱਜ ਬੇਬੇ ਦਲੀਪ ਕੌਰ ਜੀ ਵੀ ਚੰਦ ਸਹੇਲੀਆਂ ਨਾਲ ਦਰਸ਼ਕ ਸਨ। ਸ. ਹੰਸਪਾਲ ਜੀ ਤੇ ਸ. ਸ. ਮਨਚੰਦਾ ਵੀ ਮੌਜੂਦ ਸੀ। ਦੀਨ ਦਿਆਲ ਜੀ 9.30 ਵਜੇ ਤੱਕ ਖਿਡਾਰੀਆਂ ਵਿੱਚ ਸ਼ਾਮਲ ਰਹੇ। ਮੇਰਾ ਜੀ ਕਰਦਾ ਹੈ ਮੈਂ ਉਹਨਾਂ ਸਾਰੇ ਖਿਡਾਰੀਆਂ ਦੇ ਨਾਂ ਨੋਟ ਕਰ ਲਵਾਂ, ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਨਾਲ ਵਾਲੀਬਾਲ ਖੇਡਣ ਦਾ ਅਵਸਰ ਮਿਲਦਾ ਰਿਹਾ। ਫਹਿਰਿਸਤ ਇਹ ਹੈ :

1. ਸ. ਜਸਪਾਲ ਸਿੰਘ ਮਨਚੰਦਾ
2. ਸ. ਹਰਦਿਆਲ ਸਿੰਘ ਚਾਵਲਾ
3. ਸ. ਸੰਤੋਖ ਸਿੰਘ ਚਾਵਲਾ

4. ਸ. ਦਲੀਪ ਸਿੰਘ ਚਾਵਲਾ
5. ਸ. ਅਮਰ ਸਿੰਘ ਚਾਵਲਾ
6. ਸ. ਰਾਜਦੇਵ ਸਿੰਘ ਨਰੂਲਾ
7. ਸ. ਰਣਜੀਤ ਸਿੰਘ ਖਾਣੀਜੋਂ
8. ਸੇਠ ਤਰਨ ਸਿੰਘ ਚਾਵਲਾ
9. ਸ. ਹਰਮੀਤ ਸਿੰਘ ਸੇਠੀ
10. ਸ. ਮਹਿਤਾਬ ਸਿੰਘ ਗੰਭੀਰ
11. ਸ. ਸੁਰਿੰਦਰ ਸਿੰਘ ਮਲਹੋਤਰਾ
12. ਸ. ਸੁਖਦੇਵ ਸਿੰਘ ਨਰੂਲਾ
13. ਸ. ਸਰਦਾਰ ਸਿੰਘ ਚਾਵਲਾ
14. ਪੰਡਿਤ ਓਅੰਕਾਰ ਸਿੰਘ
15. ਸ. ਗੁਰਦੇਵ ਸਿੰਘ ਸਚਦੇਵ
16. ਸ. ਗੁਰਦਿੱਤ ਸਿੰਘ ਮਲਹੋਤਰਾ
17. ਸ. ਲਖਵਿੰਦਰ ਸਿੰਘ ਮਨਚੰਦਾ
18. ਸ. ਹਰਦਿੱਤ ਸਿੰਘ ਮਨਚੰਦਾ
19. ਸ. ਅੰਮ੍ਰਿਤ ਸਿੰਘ ਗੋਰੇਵਾੜਾ
20. ਸ. ਸੁਰਜੀਤ ਸਿੰਘ ਕੁਕਰੇਜਾ
21. ਸ. ਮਨਜੀਤ ਸਿੰਘ ਮਲਹੋਤਰਾ
22. ਸ. ਦਰਸ਼ਨ ਸਿੰਘ ਗੋਰੇਵਾੜਾ
23. ਸ. ਲਾਲ ਸਿੰਘ ਗੋਰੇਵਾੜਾ
24. ਸ. ਮਹਿੰਦਰ ਸਿੰਘ ਕੁਕਰੇਜਾ (ਕੋਮਲ ਸਪੁੱਤਰ)
25. ਸ਼੍ਰੀ ਰਾਜਨ ਚਾਵਲਾ
26. ਸ. ਸਤਨਾਮ ਸਿੰਘ ਗੋਰੇਵਾੜਾ
27. ਸ. ਪ੍ਰਿਥੀਪਾਲ ਸਿੰਘ ਖੰਨਪੁਰੀ

**ਸ. ਜਗਜੀਤ ਸਿੰਘ ਮਾਨ** – ਮੈਂ ਰੋਜ਼ਾਨਾ ਦੀਵਾਨ ਵਿੱਚ ਇੱਕ ਟੇਢੀ ਪੱਗੜੀ ਤੇ ਠਾਠਦਾਰ ਬਸਤਰਾਂ ਵਾਲੇ ਇੱਕ ਵਿਅਕਤੀ ਨੂੰ ਵੇਖਦਾ ਸਾਂ। ਇਹ ਨੇਮ ਨਾਲ ਸਮੇਂ ਸਿਰ ਆਉਂਦਾ, ਸ੍ਰੀ ਸਤਿਗੁਰੂ ਜੀ ਨੂੰ ਸਾਡੇ ਵਾਂਗ ਹੀ ਸਤਿਕਾਰ ਪਿਆਰ ਨਾਲ ਮਸਤਕ ਨਿਵਾ ਭੇਟਾ ਧਰਦਾ। ਅੱਜ ਚਾਵਲਾ ਕੋਰਟ ਦੇ ਦੀਵਾਨ ਉਪਰੰਤ ਮੈਂ ਇਸ ਸੱਜਣ ਨਾਲ ਮੁਲਾਕਾਤ ਦਾ ਮੌਕਾ ਲੱਭ ਹੀ ਲਿਆ। ਮੈਨੂੰ ਪਤਾ ਲੱਗਾ ਕਿ ਇਹ ਸ. ਜਗਜੀਤ ਸਿੰਘ ਮਾਨ ਹਨ, ਪ੍ਰਸਿੱਧ ਘੋੜ ਵਾਪਾਰੀ ਸ. ਸ਼ਾਮ ਸਿੰਘ ਮੇਰਠ ਵਾਲਿਆਂ ਦੇ ਭਤੀਜੇ। ਲੰਮੇ ਅਰਸੇ ਤੋਂ ਥਾਈਲੈਂਡ ਦੇ ਵਸਨੀਕ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਚਰਨ ਪ੍ਰੇਮੀ ਹਨ। ਜਦੋਂ ਵੀ ਦੀਨ ਦਿਆਲ ਜੀ ਬੈਂਕੋਕ ਵਿਖੇ ਦਰਸ਼ਨ ਦਿੰਦੇ ਹਨ ਤਾਂ ਦੋ ਵੇਲੇ ਦੇ ਦੀਵਾਨਾਂ ਵਿੱਚ ਹਾਜ਼ਰੀ ਭਰਦੇ ਹਨ। ਮਿੱਠ ਬੋਲੜੇ ਸੱਜਣ ਹਨ।

**22 ਸਤੰਬਰ 1986, ਸੋਮਵਾਰ**
**ਬੈਂਕੋਕ, ਥਾਈਲੈਂਡ**

**ਸ. ਪ੍ਰੇਮ ਸਿੰਘ ਸਚਦੇਵ ਨੂੰ ਨਿਵਾਜਣਾ** – ਸੰਤ ਪਿਆਰਾ ਸਿੰਘ ਸਚਦੇਵ-ਬੀਬੀ ਪਵਿੱਤਰ ਕੌਰ ਦਾ ਇੱਕ ਬੇਟਾ ਬੈਂਕੋਕ ਤੋਂ ਜ਼ਰਾ ਪਲਿੱਤੇ ਰਫ਼ਰਾਹ ਇਲਾਕੇ ਵਿੱਚ ਰਹਿੰਦਾ ਹੈ। ਇਹਦਾ ਨਾਂ ਹੈ ਪ੍ਰੇਮ ਸਿੰਘ ਸਚਦੇਵ ਅਤੇ ਇਹ ਪ੍ਰੇਮ ਵਲੋਂ ਸੱਚਾ ਹੈ। ਸ੍ਰੀ ਸਤਿਗੁਰੂ ਜੀ ਦਾ ਹੋਰ ਕੁਝ ਦਿਨ ਬੈਂਕੋਕ ਅਟਕਣਾ ਜਾਣ ਕੇ ਇਸ ਨੇ ਆਸਾ ਦੀ ਵਾਰ ਦਾ ਦੀਵਾਨ ਮੰਗਿਆ ਅਤੇ ਅੱਜ ਕੇਂਦਰ ਤੋਂ 5 ਕਿਲੋਮੀਟਰ ਦੂਰ ਇਸ ਇਲਾਕੇ ਵਿੱਚ ਆਸਾ ਦੀ ਵਾਰ ਨੂੰ ਸੁਣਨ ਵਾਸਤੇ ਅਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਪਰਸਨ ਲਈ ਕਾਫ਼ੀ ਸੰਗਤ ਆਪਣੇ ਤੇਜ਼ ਵਾਹਨਾਂ ਦੁਆਰਾ ਏਥੇ ਪਹੁੰਚ ਗਈ।

ਆਪਣੇ ਬੱਚੇ ਦੇ ਘਰ ਪ੍ਰੋਗਰਾਮ ਵੇਖਣ-ਸੁਣਨ ਅਤੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਲਾਭ ਕਰਨ ਹਿਤ, ਸਰੀਰੋਂ ਅਪੰਗ ਬੀਬੀ ਪਵਿੱਤਰ ਕੌਰ ਦੂਜੇ ਬੱਚਿਆਂ ਨੂੰ ਨਾਲ ਲੈ ਕੇ ਆਈ ਅਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਅਤੇ ਸਾਧ ਸੰਗਤ ਵਲੋਂ ਗਦ-ਗਦ ਪ੍ਰਸੰਨ ਹੋਈ।

ਆਸਾ ਦੀ ਵਾਰ ਦੀ ਸਮਾਪਤੀ ਤੋਂ ਪਹਿਲੋਂ ਹੀ ਸਾਰੇ ਪ੍ਰੇਮ ਪਰਵਾਰ ਨੇ ਸ੍ਰੀ ਸਤਿਗੁਰੂ ਜੀ ਦੀ ਚਰਨ ਭੇਟਾ ਮਾਇਆ, ਬਸਤਰ, ਫਲ, ਫੁੱਲ ਆਦਿ ਕੀਤੇ। 5.50 ਵਜੇ ਆਸਾ ਦੀ ਵਾਰ ਉਪਰੰਤ ਭੋਗ ਪੈਣੇ ਸ਼ੁਰੂ ਹੋ ਗਏ। ਇਸ ਵਾਰ ਫਿਰ ਸਾਰਾ ਸਚਦੇਵ ਪਰਿਵਾਰ (ਸਾਰੇ ਭਰਾ, ਉਨ੍ਹਾਂ ਦੀਆਂ ਪਤਨੀਆਂ ਅਤੇ ਮਾਤਾ ਜੀ) ਸੁਆਗਤ ਸਤਿਕਾਰ ਹਿਤ ਧਨ ਬਸਤਰ ਲੈ ਕੇ ਸ੍ਰੀ ਚਰਨਾਂ ਵਿੱਚ ਹਾਜ਼ਰ ਹੋਇਆ।

ਇਸ ਮੌਕੇ ਪ੍ਰੇਮ ਸਿੰਘ ਦੇ ਸੁਪੱਤਰ ਪ੍ਰੀਤਮ ਸਿੰਘ ਨੂੰ ਦੀਨ ਦਿਆਲ ਜੀ ਨੇ ਆਪ ਕਿਰਪਾ ਕਰਕੇ ਦਸਤਾਰ ਸਜਾਈ। ਏਥੇ ਹੀ ਸ੍ਰੀ ਸਤਿਗੁਰੂ ਜੀ ਦੀ ਆਗਿਆ ਨਾਲ ਸੰਤ ਨਰਾਇਣ ਸਿੰਘ ਨਰੂਲਾ ਨੇ ਸ. ਸਾਧੂ ਸਿੰਘ ਦੇ ਲੜਕੇ ਸਤਨਾਮ ਸਿੰਘ ਨੂੰ ਵੀ ਦਸਤਾਰ ਸਜਾਈ।

6.15 ਵਜੇ ਤੱਕ ਤਿੰਨ ਪਾਠਾਂ ਦੇ ਭੋਗ ਪੈ ਗਏ।

1 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ
1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿੱਚ
1 ਪਾਠ ਦੁਕਾਨ ਦੇ ਮਹੂਰਤ ਅਤੇ ਇਸਦੀ ਸਫ਼ਲਤਾ ਹਿਤ।

**ਚਰਨ ਪਾਏ –** ਉਪਰੰਤ ਸ੍ਰੀ ਸਤਿਗੁਰੂ ਜੀ ਵਾਸਤੇ ਫਲਾਹਾਰ ਅਤੇ ਦੂਜੀ ਸੰਗਤ ਲਈ ਮਿੱਠਾ ਸਲੂਣਾ ਤੇ ਦਾਲ ਪ੍ਰਸ਼ਾਦੇ ਦਾ ਨਾਸ਼ਤਾ ਤਿਆਰ ਸੀ। ਏਥੋਂ ਹੀ ਸੱਚੇ ਪਾਤਸ਼ਾਹ ਜੀ ਏਥੇ ਨੇੜੇ ਰਹਿੰਦੇ ਸੇਵਕਾਂ ਦੇ ਘਰੀਂ ਚਰਨ ਪਾਉਣ ਦੀ ਕਿਰਪਾ ਕੀਤੀ। ਹੇਠ ਲਿਖੇ ਸਰੀਰਾਂ ਦੇ ਘਰੀਂ ਚਰਨ ਪਾਏ :

1. ਸ. ਜਸਵੰਤ ਸਿੰਘ ਸੇਠੀ, ਖੇਹਾਨ ਨਖੋਨ, ਪਥਨਾਕਾਨ ਰੋਡ, ਘਰ
2. ਸ. ਹਰਭਜਨ ਸਿੰਘ, ਪਾਲ ਸਿੰਘ ਸਚਦੇਵ, ਮੂਬਾਨ ਪੀਛਾ ਪਿੰਰ ਵਿੱਚ ਘਰ (ਇਹ ਸੰਤ ਪਿਆਰਾ ਸਿੰਘ ਸਚਦੇਵ ਦੇ ਭਾਈ ਹਨ।)
3. ਸ. ਗੁਰਮੀਤ ਸਿੰਘ ਨਰੂਲਾ
4. ਸ. ਅਵਤਾਰ ਸਿੰਘ ਨਰੂਲਾ ਸੋਅਨਿ ਲੋਕੰਨ, ਦੁਕਾਨ

**ਪ੍ਰੇਮ ਸਿੰਘ ਸਚਦੇਵ ਦੀ ਦਾਸਤਾਨ –** ਸ. ਪ੍ਰੇਮ ਸਿੰਘ ਸਚਦੇਵ ਦਾ ਮੈਨੂੰ ਮੇਰੇ ਡੇਰੇ ਛੱਡਣ ਦਾ ਇਕਰਾਰ ਸੀ। ਆਪਣੀ ਗੱਡੀ ’ਤੇ ਲੈ ਤੁਰਿਆ ਤਾਂ ਨਾਲ ਸਨ ਕੀਰਤਨਕਾਰ ਸੰਤ ਹਰਬੰਸ ਸਿੰਘ ਘੁੱਲਾ, ਸੁਖਵਿੰਦਰ ਸਿੰਘ ਪਿੰਕੀ, ਸਵਰਣ ਸਿੰਘ ਲੰਮੀ ਦਾੜ੍ਹੀ ਵਾਲੇ ਸੰਤ ਅਤੇ ਬੀਬੀ ਰਣਜੀਤ ਕੌਰ ਸੁਪਤਨੀ ਸੰਤ ਸਵਰਨ ਸਿੰਘ (ਇਹ ਹੋਰ ਹਨ)।

ਸਹਿਜ ਭਾ ਹੀ ਮੇਰੇ ਪਾਸ ਬੈਠਾ ਗੱਡੀ ਦੇ ਸਟੇਅਰਿੰਗ ਨੂੰ ਇੱਛਤ ਦਿਸ਼ਾ ਵੱਲ ਘੁਮਾਂਦਿਆਂ ਆਪ ਬੀਤੀ ਸ਼ੁਰੂ ਕਰ ਬੈਠਾ : “ਮੇਰੇ ਅੰਦਰ ਸ੍ਰੀ ਸਤਿਗੁਰੂ ਜੀ ਦਾ ਸਨੇਹ ਠਾਠਾਂ ਮਾਰਦਾ ਰਹਿੰਦਾ ਸੀ। ਮੇਰਾ ਵਿਆਹ ਹੋ ਗਿਆ ਤਾਂ ਮੇਰੇ ਜੀ ਵਿੱਚ ਆਈ ਕਿਉਂ ਨਾ ਤੁਰਤ ਗੁਰੂ ਕੇ ਚਰਨਾਂ ਵਿੱਚ ਪਹੁੰਚਾਂ। ਦੋਹਾਂ ਜੀਆਂ ਲਈ ਭਾਰਤ ਦੀ ਟਿਕਟ ਕਟਾ ਲਈ ਅਤੇ ਅੱਗੋਂ ਗੱਡੀਆਂ ਬੱਸਾਂ ਵਿੱਚ ਸਫ਼ਰ ਕਰ ਸ੍ਰੀ ਭੈਣੀ ਸਾਹਿਬ ਪਹੁੰਚ ਗਿਆ। ਰੀਝ ਸੀ ਵਿਆਹ ਦੇ ਪਹਿਲੇ ਦਿਨ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਰਹਿ ਕੇ ਬਿਤਾਵਾਂ। ਮੇਰੇ ਮਾਤਾ ਜੀ ਵੀ ਗੁਰੂ ਕੇ ਦਰਸ਼ਨਾਂ ਨੂੰ ਸਾਧ ਸੰਗਤ ਦੀ ਸੇਵਾ ਦਾ ਲਾਭ ਉਠਾਣ ਹਿਤ ਨਾਲ ਆ ਗਏ। ਮੈਂ ਸਮਝਦਾ ਸਾਂ ਕਿ ਮੈਂ ਇੱਕ ਬਹੁਤ ਵੱਡੀ ਗੱਲ ਕਰ ਰਿਹਾ ਹਾਂ। ਹਨੀਮੂਨ ਪਲੇਸਜ਼ ਦਾ ਆਨੰਦ ਲੁੱਟਣ ਦੀ ਥਾਂ, ਵਿਦੇਸ਼ ਵਿੱਚੋਂ ਹਵਾਈ ਸਫ਼ਰ ਕਰਕੇ ਇੱਕ ਪਿੰਡ ਤੇ ਉਹ ਵੀ ਭੈਣੀ ਸਾਹਿਬ ਚੁਣ ਲੈਣ ਤੇ ਬੜਾ ਸੰਤੁਸ਼ਟ ਸਾਂ। ਪਰ ਏਧਰ ਸਤਿਗੁਰੂ ਜੀ ਸਨ ਕਿ ਨਾ ਤਾਂ ਮੇਰੇ ਨਾਲ ਨੇਤਰ ਮਿਲਾਂਦੇ, ਨਾ ਬਚਨ ਕਰਦੇ, ਨਾ ਅਪਣੱਤ ਦਾ ਕੋਈ ਹੋਰ ਭਾਵ ਜਤਲਾਂਦੇ। ਦੁੰਹ ਦਿਨਾਂ ਵਿੱਚ ਹੀ ਮੇਰੀ ਬੜੀ ਬੁਰੀ ਹਾਲਤ ਸੀ। ਮੇਰਾ ਮਨ ਬਗ਼ਾਵਤ ਕਰਨ ’ਤੇ ਤੁਲ ਗਿਆ। ਕਿਉਂਕਿ ਹਾਲਾਤ ਮੇਰੇ ਅਨੁਕੂਲ ਨਾ ਵਾਪਰੇ, ਸੋ ਮੇਰਾ ਮਨ ਆਪਿਓਂ ਬਾਹਰ ਹੋ ਰਿਹਾ ਸੀ। ਇਹ ਵੀ ਮਨ ਵਿੱਚ ਆਵੇ : ਇਹ ਕਾਹਦਾ ਗੁਰੂ ਹੈ, ਇਸਨੂੰ ਮੇਰੀ ਕੁਰਬਾਨੀ ਦਾ ਪਤਾ ਈ ਨਹੀਂ। ਜੀ ਕਰੇ ਚੋਰੀ ਹੀ ਨੱਸ ਜਾਵਾਂ ਤੇ ਭੌਂ ਕੇ ਸਿਰ ਮੂੰਹ ਮੁਨਾ ਕੇ ਹੀ ਮੱਥੇ ਲੱਗਾਂ। ਏਨੇ-ਏਨੇ ਭੈੜੇ ਵਿਚਾਰ ਆਉਣ ਲੱਗੇ ਅਤੇ ਇੱਕ ਵਾਰ ਤਾਂ ਐਸੀ ਵੀ ਆਈ ਕਿ ਮੇਰੀ ਰੋਗਣ ਮਾਂ ਦੀ ਖ਼ਬਰ ਲੈਣ ਵਾਸਤੇ ਸ੍ਰੀ ਸਤਿਗੁਰੂ ਜੀ ਸਾਡੇ ਡੇਰੇ ਪਧਾਰੇ ਪਰ ਮੈਂ ਉੱਠ ਕੇ ਨਮਸਕਾਰ ਵੀ ਨਾ ਕੀਤੀ। ਕਰੋਧ ਅਗਨੀ ਮੇਰੇ ਅੰਦਰ ਪੂਰਣ ਪ੍ਰਚੰਡ ਸੀ। ਮੈਨੂੰ ਯਾਦ ਹੈ, ਜੇ ਕੋਈ ਮੇਰੇ ਅੰਦਰ ਚੱਜ ਦੀ ਗੱਲ ਸੀ, ਉਹਨੀਂ ਦਿਨੀਂ ਤਾਂ ਕੇਵਲ ਇਹ ਹੀ ਸੀ ਕਿ ਮੈਨੂੰ ਘਰ ਆਏ ਸਤਿਗੁਰਾਂ ਨੂੰ ਉੱਠ ਕੇ ਨਮਸਕਾਰ ਤਾਂ ਕਰਨੀ ਹੀ ਚਾਹੀਦੀ ਸੀ।

ਸ੍ਰੀ ਸਤਿਗੁਰੂ ਜੀ ਦੇ ਘਰੋਂ ਹੋ ਕੇ ਜਾਣ ਪਿੱਛੋਂ ਮੇਰੀ ਮਾਤਾ ਨੇ ਮੈਨੂੰ ਤਾੜਿਆ। ਪਰ ਨਾਲ ਹੀ ਨਵਾਂ-ਨਵਾਂ ਵਿਆਹਿਆ ਹੋਣ ਕਰਕੇ ਜ਼ਰਾ ਪਿਆਰ ਤੇ ਧੀਰਜ ਨਾਲ ਮੇਰੇ ’ਤੇ ਰੋਸ ਪ੍ਰਗਟ ਕੀਤਾ ਕਿ ਮੈਂ ਕਿੰਨਾ ਆਗਿਆਕਾਰ ਸਾਂ। ਹੁਣ ਮੈਂ ਆਪਣੀ ਕਰਤੂਤ ਦੇ ਸਹੀ ਜਾਂ ਗਲਤ ਹੋਣ ਤੇ ਵਿਚਾਰ ਕਰਨ ਲਈ ਇਕਾਂਤ ਲੱਭਦਿਆਂ ਸਤਿਗੁਰੂ ਜੀ ਦੀ ਕੋਠੀ ਹੀ ਵੜਿਆ। ਪਹਿਰੇਦਾਰਾਂ ਨੇ ਵੀ ਮੈਨੂੰ ਰੋਕਿਆ-ਟੋਕਿਆ ਨਾ।

ਅੱਗੇ ਘਾਹ ਕਿੱਤੇ ਵਿੱਚ ਸਫਾਂ ਉਪਰ ਬੈਠੇ ਸੱਚੇ ਪਾਤਸ਼ਾਹ ਜੀ ਕਿਸੇ ਪਾਸੋਂ ਸੰਗੀਤ ਸੁਣ ਰਹੇ ਸਨ। ਮੈਂ ਚੁੱਪ ਕਰਕੇ ਪਿੱਛੇ ਜਾ ਬੈਠਾ। ਦੀਨ ਦਿਆਲ ਜੀ ਨੇ ਮੈਨੂੰ ਇਸ਼ਾਰਾ ਕਰਕੇ ਆਵਾਜ਼ ਦੇ ਕੇ ਆਪਣੇ ਕੋਲ ਸੱਦ ਲਿਆ ਤੇ ਪਾਸ ਹੀ ਬੈਠਣ ਲਈ ਆਗਿਆ ਕੀਤੀ ਅਤੇ ਪੁੱਛਿਆ ਕਿ ਮੈਂ ਤਬਲਾ ਕਿਦ੍ਹੇ ਤੋਂ ਸਿੱਖਿਆ ਸੀ। ਭਾਈ ਨਿਹਾਲ ਸਿੰਘ ਹੀ ਮੇਰਾ ਉਸਤਾਦ ਸੀ। ਸ੍ਰੀ ਸਤਿਗੁਰੂ ਜੀ ਨੇ ਏਥੇ ਬੈਠਿਆਂ ਹੀ ਮੈਨੂੰ ਏਨਾ ਪਿਆਰ ਕੀਤਾ, ਏਨਾ ਪਿਆਰ ਕੀਤਾ ਕਿ ਮੈਨੂੰ ਸਾਰੇ ਆਪਣੇ ਵਿਚਾਰਾਂ ’ਤੇ ਘ੍ਰਿਣਾ ਆਉਣ ਲੱਗੀ। ਸੱਚੇ ਪਾਤਸ਼ਾਹ ਜੀ ਨੇ ਮੈਨੂੰ ਆਪਣੀ ਕਰਨੀ ਦਾ ਸ਼ੀਸ਼ਾ ਵਿਖਾ ਕੇ ਅੱਗੇ ਤੋਂ ਸਿੱਧਾ ਕਰ ਦਿੱਤਾ।”

**ਸੇਵਕ ਰਾਮ ਜੀ ਨੂੰ ਸਨੇਹ –** ਮੈਨੂੰ ਓਦੋਂ ਹੀ ਪਤਾ ਲੱਗਾ ਜਦੋਂ ਕਿਸੇ ਸੱਜਣ ਨੇ ਮਾਟਾਡੋਰ ਵਿੱਚ ਬੈਠ ਕੇ ਕਿਤੇ ਚੱਲਣ ਲਈ ਆਣ ਸੁਨੇਹਾ ਦਿੱਤਾ। ਬੈਂਕੋਕ ਦੀ ਜਾਣੀ ਮਾਣੀ ਸੜਕ ਦੀ ਗਲੀ ਨੰ. 22 ਵਿੱਚ ਐਸ. ਐਸ. ਕੋਰਟ, 10-10/11 ਨੰ. ਬੰਗਲੇ ਵਿੱਚ ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਮੇਤ ਆਣ ਉੱਤਰੇ। ਸਤਿਗੁਰੂ ਜੀ ਦੇ ਕਾਰੋਂ ਉਤਰਦਿਆਂ ਹੀ, ਸ੍ਰੀਮਾਨ ਸੇਵਕ ਰਾਮ (80) ਜੀ ਦੀ ਨੂੰਹ ਨੇ ਹੱਥ ਜੋੜ

ਆਪ ਜੀ ਦਾ ਸੁਆਗਤ ਕੀਤਾ : ਅੱਜ ਸਾਡੇ ਵਰਗਾ ਕੌਣ ਹੈ। ਆਪ ਜੀ ਨੇ ਦਰਸ਼ਨ ਦੇਣ ਵਾਲੀ ਬਹੁਤ ਕਿਰਪਾ ਕੀਤੀ।

ਜਦੋਂ ਅਸੀਂ ਹਾਲ ਕਮਰੇ ਵਿੱਚ ਗਏ ਤਾਂ ਏਥੇ ਸੇਵਕ ਰਾਮ ਜੀ ਬਿਨਾਂ ਹੋਰ ਇਸਤਰੀਆਂ ਮਰਦ ਵੀ ਬੈਠੇ ਸਨ, ਗਿਣਤੀ ਦਰਜਨ ਦੇ ਅੰਦਰ-ਅੰਦਰ ਹੀ ਸੀ। ਸੇਵਕ ਰਾਮ ਜੀ ਜਿਹੜੇ 13 ਸਾਲ ਤੋਂ ਜਿਓਤੀ ਹੀਨ ਹਨ, ਪ੍ਰੇਮ ਤੇ ਸ਼ਰਧਾ ਨਾਲ ਲਬਰੇਜ਼ ਸਤਿਕਾਰ ਲਈ ਉੱਠੇ। ਹੱਥ ਜੋੜ ਚਰਨਾਂ ਪਰ ਸਿਰ ਝੁਕਾ ਫਿਰ ਸਾਰੇ ਸਰੀਰ ਨੂੰ ਟੁੰਹਦੇ-ਟੁੰਹਦੇ ਅਤਿਅੰਤ ਪ੍ਰਸੰਨਤਾ ਨਾਲ ਸਜਲ ਨੇਤਰਾਂ ਦੁਆਰਾ ਸਤਿਕਾਰ ਸੁਆਗਤ ਦੇ ਸ਼ਬਦ ਆਖਦੇ ਰਹੇ।

ਸੱਚੇ ਪਾਤਸ਼ਾਹ ਸਫੈਦ ਕੱਪੜੇ ਵਿਛੇ ਸੋਫੇ ’ਤੇ ਬੈਠੇ ਤਾਂ ਨਾਲ ਕਰਕੇ ਹੀ ਸ਼੍ਰੀ ਸੇਵਕ ਰਾਮ ਮਹਿਤਾਨੀ ਨੂੰ ਬੈਠਾ ਲਿਆ। ਕੱਦੋਂ ਕਾਠੋਂ ਉੱਚੇ ਤਕੜੇ, ਸ਼ਕਤੀਓਂ ਹੀਣੇ, ਚਾਉ ਦੇ ਭਰੇ ਹੋਏ ਸੇਵਕ ਰਾਮ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੀਆਂ ਅਨੇਕਾਂ ਯਾਦਾਂ ਨੂੰ ਸਤਿਗੁਰੂ ਜੀ ਨਾਲ ਸਾਂਝਾ ਕੀਤਾ।

ਮਹਿਤਾਨੀ ਜੀ ਨੇ ਦੱਸਿਆ : ਮੇਰੇ ਮੋਢਿਆਂ ’ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦਿਆਂ ਥਪਕੀਆਂ ਲਾਂਦੇ ਪ੍ਰਸੰਨਤਾ ਬਖਸ਼ਦੇ ਸਨ। ਮੈਂ ਓਦੋਂ ਥਾਈਲੈਂਡ ਵਿੱਚ ਇੰਡੀਅਨ ਕੁਮੈਨਿਟੀ (ਭਾਰਤੀ ਭਾਈਚਾਰੇ) ਵੱਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਸਵਾਗਤ ਪੱਤਰ ਪੜ੍ਹਕੇ ਪੇਸ਼ ਕੀਤਾ। ਇਹ 1934 ਦੀ ਘਟਨਾ ਹੈ। ਆਪ ਜੀ ਨੇ ਆਪਣੇ ਭੰਡਾਰ ਵਿੱਚੋਂ ਉਹ ਮਾਣ ਪੱਤਰ ਜ਼ਰੂਰ ਤਲਾਸ਼ ਲੈਣਾ।

ਸ੍ਰੀ ਸਤਿਗੁਰੂ ਜੀ ਅੱਜ ਬਚਨ ਕਰਨ ਲਈ ਬਹੁਤ ਘੱਟ, ਵੱਧ ਤੋਂ ਵੱਧ ਸੁਣਨ ਲਈ ਮਹਿਤਾਨੀ ਜੀ ਦੇ ਘਰ ਪਧਾਰੇ ਹਨ ਅਤੇ ਮਹਿਤਾਨੀ ਵੀ ਗਲ ਗਲ ਤੱਕ ਭਰੇ ਲੱਗਦੇ ਸਨ, ਕਿਸੇ ਨਾਲ ਮਨ ਸਾਂਝਾ ਕਰਨ ਲਈ। ਬੋਲੇ : ਮੇਰਾ ਇਸ਼ਟ ਗੁਰੂ ਨਾਨਕ ਦੇਵ ਜੀ ਹਨ। ਮੈਂ ਉਨ੍ਹਾਂ ਦਾ ਹੀ ਜਾਪ ਤਾਪ ਕਰਦਾ ਹਾਂ। ੧ਓ ਮੇਰੀ ਆਰਾਧਾਨਾ ਹੈ। ਮੈਂ ਆਪ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਰੂਪ ਹੀ ਸਮਝਦਾ ਹਾਂ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ : ਮੈਨੂੰ ਪਤਾ ਹੈ ਤੁਸੀਂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਹੁਤ ਪਿਆਰੇ ਸਓ। ਮੈਂ ਵੀ ਏਸੇ ਕਾਰਨ ਆਪ ਜੀ ਨੂੰ ਮਿਲਣ ਦੀ ਇੱਛਾ ਰੱਖਦਾ ਰਹਿੰਦਾ ਹਾਂ। ਇੱਕ ਭਾਸ਼ਣ ਵਿੱਚ ਸਤਿਗੁਰੂ ਜੀ ਨੇ ਆਪ ਨੂੰ ਯਾਦ ਕੀਤਾ ਹੈ। ਮੈਂ ਸੋਚਿਆ ਮੈਂ ਕਦੋਂ ਜਾ ਕੇ ਉਸ ਪਿਆਰੇ ਵਿਅਕਤੀ ਨੂੰ ਮਿਲਾਂ।

ਇਸ ਸੁਆਗਤ ਸਤਿਕਾਰ ’ਤੇ ਵਿਚਾਰ ਵਟਾਂਦਰੇ ਦੀ ਕੈਸਟ ਸੰਤ ਮਹਿੰਦਰ ਸਿੰਘ ਅੰਮ੍ਰਿਤਸਰ ਨੇ ਬਣਾਈ ਜਾਂ ਬਣਵਾਈ। ਟੇਪ ਰਿਕਾਰਡਰ ਦੀ ਕੈਸਟ ਵੀ ਉਨ੍ਹਾਂ ਪਾਸ ਹੈ। ਮੈਨੂੰ ਉਪਲਬਧ ਨਹੀਂ ਹੋ ਸਕੀ।

ਥੋੜ੍ਹੇ ਸਮੇਂ ਬਾਅਦ ਸੇਠ ਤਰਲੋਕ ਸਿੰਘ ਵੀ ਆਪਣੇ ਲੜਕਿਆਂ ਬਖਸ਼ੀਸ਼ ਸਿੰਘ ਅਤੇ ਧਰਮ ਸਿੰਘ ਨਾਲ ਆ ਪਹੁੰਚੇ। ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਦੀਆਂ ਗੱਲਾਂ ਮਹਿਤਾਨੀ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਸੁਣਾਈਆਂ। ਉਨ੍ਹਾਂ ਦੇ ਅੰਤਮ ਦਿਨਾਂ ਦੀ ਯਾਦ ਵੀ ਇਨ੍ਹਾਂ ਨੂੰ ਤਾਜ਼ੀ ਸੀ ਪਰ ਏਧਰ ਸੇਠ ਜੀ ਨੇਤਾ ਜੀ ਦੇ ਥਾਈਲੈਂਡ ਵਿੱਚ ਨਿੱਜੀ ਡਰਾਈਵਰ ਰਹੇ ਸਨ। ਇਹਨਾਂ ਵੀ ਉਸ ਵੇਲੇ ਦੀਆਂ ਅਜਿਹੀਆਂ ਗੱਲਾਂ-ਬਾਤਾਂ ਸੁਣਾਈਆਂ ਕਿ ਮਹਿਤਾਨੀ ਜੀ ਵੀ ਦੰਗ ਰਹਿ ਗਏ। ਉਹਨੀਂ ਦਿਨੀਂ ਮਹਿਤਾਨੀ ਸਾਹਿਬ ਥਾਈਲੈਂਡ ਵਿੱਚ ਭਾਰਤੀ ਕਾਰੋਬਾਰੀਆਂ ਵਿੱਚੋਂ ਸਿਖ਼ਰ ’ਤੇ ਸਨ।

ਸ੍ਰੀ ਸਤਿਗੁਰੂ ਜੀ ਨੇ ਇਹਨਾਂ ਇਤਿਹਾਸਕ ਤੱਥਾਂ ਤੇ ਸਚਾਈਆਂ ਨੂੰ ਸਮਝਕੇ ਇਹਨਾਂ ਨੂੰ ਸੰਭਾਲਣ ਵਾਸਤੇ ਵੀਡੀਓ ਵਾਲੇ ਸ. ਕੁਲਜੀਤ ਸਿੰਘ ਨੂੰ ਵੀ ਬੁਲਵਾ ਲਿਆ। ਸ੍ਰੀ ਸਤਿਗੁਰੂ ਜੀ ਨੇ ਨਿੱਠ ਕੇ ਪੌਣਾ ਘੰਟਾ ਮਹਿਤਾਨੀ ਸੇਵਕ ਰਾਮ ਜੀ ਨਾਲ ਉਨ੍ਹਾਂ ਦੇ ਘਰ ਹੀ ਬਿਤਾਇਆ। ਮਹਿਤਾਨੀ ਜੀ ਦੀ ਬਿਰਧ ਤੇ ਨਜ਼ਰ ਹੀਨਤਾ ਅਵਸਥਾ ਦੀ ਸੇਵਕਾ ਤੇ ਸਹਾਇਕਾ ਇਹਨਾਂ ਦੀ ਇਕਲੌਤੀ ਤੇ ਵਿਧਵਾ ਨੂੰਹ ਦਾ ਨਾਮ ‘ਕੁੰਜ’ ਹੈ। ਜਿਸ ਕਾਰੋਬਾਰੀ ਦੇ ਟਾਕਰੇ ਵਿੱਚ ਕਦੇ ਕੋਈ ਨਹੀਂ ਸੀ, ਅੰਤਮ ਉਮਰ ਵਿੱਚ ਉਹ ਬਿਨਾਂ ਜ਼ਰ, ਜੋਰੂ, ਜ਼ਮੀਨ ਦੇ ਜ਼ਿੰਦਗੀ ਦੀਆਂ ਅੰਤਮ ਘੜੀਆਂ ਬਿਤਾ ਰਿਹਾ ਹੈ ਪਰ ਉਹ ਪੂਰਨ ਤਸੱਲੀ ਵਿੱਚ ਹੈ।

ਸ੍ਰੀ ਸਤਿਗੁਰੂ ਜੀ ਦਾ ਵਿਦਾ ਸਮੇਂ ਜਾਣ ਪਰਿਵਾਰ ਦੇ ਸਾਰੇ ਜੀਆਂ ਨੇ ਬੰਦ ਲਿਫਾਫਿਆਂ ਵਿੱਚ ਆਪਣੀ ਭੇਟਾ ਧਰੀ, ਫਲ ਸੰਗਤ ਵਿੱਚ ਵੰਡੇ ਗਏ। ਬੀਬੀ ਕੁੰਜ ਹੱਥੀਂ ਜੂਸ ਕੱਢ ਕੇ ਤੇ ਕੁਛ ਹੋਰ ਪਦਾਰਥ ਤਿਆਰ ਕਰਕੇ ਲਿਆਈ, ਪਰ ਇਹ ਸਤਿਗੁਰੂ ਜੀ ਤਾਂ ਨਹੀਂ ਸਨ ਛਕਣੇ, ਅਸਾਂ ਹੀ ਇਨ੍ਹਾਂ ਤੋਂ ਲਾਭ ਉਠਾਇਆ। ਸਾਰਿਆਂ ਨੇ ਹੀ ਬੜੇ ਸਤਿਕਾਰ ਪੂਰਵਕ ਸ੍ਰੀ ਸਤਿਗੁਰੂ ਜੀ ਨੂੰ ਵਿਦਾ ਕੀਤਾ, ਬਾਹਰ ਆ ਕੇ ਗੱਡੀ ’ਤੇ ਚੜ੍ਹਾਏ।

ਏਧਰੋਂ ਵੇਹਲੇ ਹੋ ਕੇ, ਮੈਂ ਸਾਡੀ ਜੀਵਨ ਨਗਰ ਸਾਹਿਤ ਸਭਾ ਦੇ ਮਾਣ ਸੰਤ ਬਿਅੰਤ ਸਿੰਘ ਸੋਖਲ ਦੀ ਮਦਦ ਨਾਲ ਸੰਫੈਕ ਤੇ ਫੋਰਹਟ ਬਜ਼ਾਰਾਂ ’ਚੋਂ ਆਪਣੀ ਲੋੜ ਦੀਆਂ ਵਸਤਾਂ ਖਰੀਦੀਆਂ।

**ਚਲਦਾ.......**

# *A Saga Of*
# *Sri Satguru Jagjit Singh Ji*

**Dr. Sharada Jayagovind**



Satguru Jagjit Singh was the recipient of several honours including the Ustad Hafiz Ali Khan Award conferred in 1999.

Ustad Zakir Hussain, the legendary tabla player, sums up Satguru Jagjit Singh ji's contribution to Indian classical and devotional music:

“There are very few gurus in our age who have such an influence on all spheres of life whether it is music, spirituality, life, or on educating people on how to lead an ideal life. Especially in the field of music, the blessings that Satguru ji has given to artistes, has no parallel in this life or this age.”

Today, there are many artistes in the world of music who are jewels cut and polished by the master jeweller called Satguru Jagjit Singh ji.

## 5CHAPTER
### The New Dawn

**ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ**

Pargat jot jagmagai tej bhua mandal chhayao.

**His Divine Light shines forth, dazzling and radiant;**
**His Glorious Grandeur pervades the realms of the world.**

Before a new dawn, sometimes, the sky is overcast with dark clouds. So it was with the Namdhari Sangat, which was deeply pained that a number of false cases had been filed against Satguru Partap Singh ji, who had steered the Namdhari community through hard times of political turmoil, freedom struggle and Partition of India. Some Sikhs who wanted to tarnish the image of Satguru Partap Singh ji had filed these civil cases with the intention of summoning the Satguru ji to court. Their evil intention did not succeed.

Satguru ji, who was ready to hand over the mantle of leadership to a worthy successor, addressed the representatives of the sangat at Sri Jiwan Nagar in May, 1959:

“From today onwards, whoever wants to be under the orders of Vadda Kaka, can stay here, others may leave.” (Jas Jivan, Part 6).

When someone asked Satguru Partap Singh ji about the future of the Namdharis, he said:

“Vadda Kaka is capable of taking care of the sangat.”

A couple of days before Satguru Partap Singh ji had to appear in the court, His Holiness merged with the light on 22nd August, 1959.

The following day, Sri Satguru Jagjit Singh ji, seated on the Gurgaddi, shone like the bright star. On 10 September, 1959, after the bhog ceremony for Satguru Partap Singh ji, Bhai Wazir Singh, Satguru Partap Singh ji’s attendant, presented the turban to Satguru Jagjit Singh ji on behalf of the Namdhari sangat.

The soul of Satguru Partap Singh ji manifested itself in the person of Satguru Jagjit Singh ji. A large number of religious and political personalities and the entire Namdhari sangat were witness to this great event. When their eyes shed tears for the departed Guru their hearts were filled with joy as they beheld the rising son.

When Satguru Jagjit Singh ji ascended the throne, His Holiness had many challenges before him. Till 1959, he was an ideal Gursikh, unquestioningly carrying out all the commands of his father. But now, he had to provide leadership to a community, which was looking up to him for guidance.

The first initiative Patsha ji took up was to hold a dialogue with the opponents who had filed false cases against his father, Satguru Partap Singh ji. Patsha ji took them into confidence, made them realize their mistakes and resolved the conflict amicably.

In the 1963 Hola Mohalla congregation at Sant Nagar, the opponents repented their actions and asked Satguru Jagjit Singh ji to forgive them. All the cases against Satguru Partap Singh ji were dropped.

Once the community became united, Satguru Jagjit Singh ji took upon himself the task of realizing the dreams of Satguru Partap Singh ji for the development of Namdhari sangat in all walks of life.

In the early 1960s, like the youth all over the country, Namdhari youngsters too were restless, caught in the conflict between tradition and modernity. They wanted to tread the path of economic progress. During the freedom struggle, the Namdharis had boycotted colonial education as per the hukumnama of Satguru Ram Singh ji. In free India, the government and even private sector jobs were linked to university education and degrees.

Satguru Jagjit Singh ji was concerned that the Namdhari youth should not be left behind in this race for progress and hence directed both men and women to get educated in modern schools and colleges.

*To be continued......*

# ਕਵਿਤਾ- ਮਾਂ

## ਉਰਦੂ ਸ਼ੇਅਰ



**ਮੁਨੱਵਰ ਰਾਣਾ**

ਉਦਾਸ ਰਹਨੇ ਕੋ ਅੱਛਾ ਨਹੀਂ ਬਤਾਤਾ ਹੈ।
ਕੋਈ ਭੀ ਜ਼ਹਿਰ ਕੋ ਮੀਠਾ ਨਹੀਂ ਬਤਾਤਾ ਹੈ।
ਕੱਲ ਅਪਨੇ ਆਪ ਕੋ ਦੇਖਾ ਥਾ ਮਾਂ ਕੀ ਆਂਖੋਂ ਮੇਂ,
ਯੇ ਆਇਨਾ ਹਮੇਂ ਬੂਢਾ ਨਹੀਂ ਬਤਾਤਾ ਹੈ।

ਐ ਅੰਧੇਰੇ ਦੇਖ ਲੇ ਮੂੰਹ ਤੇਰਾ ਕਾਲਾ ਹੋ ਗਯਾ।
ਮਾਂ ਨੇ ਆਂਖੇਂ ਖੋਲ ਦੀ ਘਰ ਮੇਂ ਉਜਾਲਾ ਹੋ ਗਯਾ।

ਇਸ ਤਰਹ ਮੇਰੇ ਗੁਨਾਹੋਂ ਕੋ ਧੋ ਦੇਤੀ ਹੈ।
ਮਾਂ ਬਹੁਤ ਗੁੱਸੇ ਮੇਂ ਹੋ ਤੋ ਰੋ ਦੇਤੀ ਹੈ।

ਬੁਲੰਦੀਓਂ ਕਾ ਬੜੇ ਸੇ ਬੜਾ ਨਿਸ਼ਾਨ ਛੂਹਾ।
ਉਠਾਯਾ ਗੋਦ ਮੇਂ ਮਾਂ ਨੇ ਤਬ ਆਸਮਾਨ ਛੂਹਾ।

ਕਿਸੀ ਕੋ ਘਰ ਮਿਲਾ ਹਿੱਸੇ ਮੇਂ ਜਾਂ ਕੋਈ ਦੁਕਾਂ ਆਈ।
ਮੈਂ ਘਰ ਮੇਂ ਸਭਸੇ ਛੋਟਾ ਥਾ ਮੇਰੇ ਹਿਸੇ ਮੇਂ ਮਾਂ ਆਈ।

ਬੁਲੰਦੀ ਦੇਰ ਤਕ ਕਿਸ ਸ਼ਖ਼ਸ ਕੇ ਹਿੱਸੇ ਮੇ ਰਹਤੀ ਹੈ।
ਬਹੁਤ ਉਚੀਂ ਇਮਾਰਤ ਹਰ ਘੜੀ ਖਤਰੇ ਮੇ ਰਹਤੀ ਹੈ।
ਯੇ ਐਸਾ ਕਰਜ ਹੈ ਜੋ ਮੈਂ ਅਦਾ ਕਰ ਹੀ ਨਹੀਂ ਸਕਤਾ,
ਮੈਂ ਜਬ ਤਕ ਘਰ ਨਾ ਲੌਟੂੰ ਮੇਰੀ ਮਾਂ ਸਜਦੇ ਮੇਂ ਰਹਤੀ ਹੈ।

ਮੇਰੀ ਖਵਾਹਿਸ਼ ਹੈ ਕਿ ਮੈਂ ਫਿਰ ਸੇ ਫਰਿਸ਼ਤਾ ਹੋ ਜਾਊਂ।
ਮਾਂ ਸੇ ਇਸ ਤਰਹ ਲਿਪਟ ਜਾਊਂ ਕਿ ਬਚਾ ਹੋ ਜਾਊਂ।

ਮੈਨੇ ਰੋਤੇ ਹੁਏ ਪੋਂਛੇ ਥੇ ਕਿਸੀ ਦਿਨ ਆਂਸੂ,
ਮੁੱਦਤੋਂ ਮਾਂ ਨੇ ਨਹੀਂ ਧੋਆ ਦੁਪੱਟਾ ਅਪਨਾ।

ਮੁਖ਼ਤਸਰ ਹੁਤੇ ਹੁਏ ਭੀ ਜ਼ਿੰਦਗੀ ਬੜ ਜਾਏਗੀ।
ਮਾਂ ਕੀ ਆਂਖੇਂ ਚੂਮ ਲੀਜੀਏ ਰੌਸ਼ਨੀ ਬੜ ਜਾਏਗੀ।

.................................................

## ਮਾਂ ਤੇ ਪ੍ਰਯੋਗਵਾਦ

**ਡਾ. ਦੇਵਿੰਦਰ ਸੈਫ਼ੀ**

ਮਹਾਂਮਾਰੀ ਨਾਲ ਨਜਿੱਠਣ ਵਾਲੀ
ਸਰਕਾਰ ਦੀ ਸਥਿਤੀ ਪਛਾਣਨ ਲਈ
ਨਵੀਂ ਯੋਜਨਾ ਬਾਰੇ ਜਾਣਨ ਲਈ
ਮੈਂ ਅੱਜ ਪ੍ਰਧਾਨ ਮੰਤਰੀ ਦਾ
ਸਾਰਾ 'ਸੰਬੋਧਨ' ਸੁਣਨ ਬਾਰੇ ਸੋਚਿਆ
ਅਜੇ ਸੁਣਨਾ ਸ਼ੁਰੂ ਈ ਕੀਤਾ ਸੀ
ਮਾਂ ਨੇ ਵਿਚਾਲਿਓਂ ਆ ਟੋਕਿਆ:
"ਇਹ ਕੋਈ ਕੰਮ ਤਾਂ ਕਰਦਾ ਨਈਂ
ਵਿਹਲਾ ਗੱਲਾਂ ਈ ਕਰੀ ਜਾਂਦਾ
ਗੱਲਾਂ ਨਾਲ ਈ ਲੋਕਾਂ ਦੇ
ਢਿੱਡ ਭਰੀ ਜਾਂਦਾ !
ਚੱਲ ਉੱਠ ! ਵੇਖ !
ਬਾਹਰ ਮੰਗਤਾ ਖੜ੍ਹਾ
ਪਹਿਲਾਂ ਉਹਦੀ ਸੁਣ ਕੇ ਆ
ਬਿਠਾ ਕੇ ਰੋਟੀ ਖੁਆ ਦਈਂ
ਪੈਰੋਂ ਨੰਗਾ ਹੋਇਆ
ਤਾਂ ਜੁੱਤੀ ਜੋੜਾ ਪੁਆ ਦਈਂ
ਬੂਹੇ 'ਤੇ ਖੜ੍ਹੇ ਦੀ
ਪਹਿਲਾਂ ਸੁਣਿਆ ਕਰ ..... ???"

.................................................

# ਸੁੱਚੇ ਮੋਤੀ

ਪੰਜ ਸੌ ਸਾਲ ਪਹਿਲਾਂ ਹੋਇਆ ਗੁਜਰਾਤ ਦਾ ਪ੍ਰਸਿੱਧ ਭਗਤ ਕਵੀ ਨਰਸੀ ਮਹਿਤਾ ਛੂਤ-ਛਾਤ ਦਾ ਸਖ਼ਤ ਵਿਰੋਧੀ ਸੀ ਤੇ ਹਰ ਬੰਦੇ ਨੂੰ ਰੱਬ ਦਾ ਰੂਪ ਸਮਝਦਾ ਸੀ। ਉਸ ਨੇ ਆਪਸੀ ਪਿਆਰ ਤੇ ਬਰਾਬਰੀ ਦਾ ਪਰਚਾਰ ਕੀਤਾ ਤੇ ਜਾਤ-ਪਾਤ ਮਿਟਾਉਣ ਲਈ ਕਦਮ ਚੁੱਕਦਿਆਂ ਕਈ ਖਤਰੇ ਮੁੱਲ ਲਏ। ਅਛੂਤਾਂ ਨੂੰ 'ਹਰੀਜਨ' ਨਾਂ ਉਸੇ ਨੇ ਦਿੱਤਾ ਸੀ। (ਇਸ ਸਦੀ ਵਿਚ ਮਹਾਤਮਾ ਗਾਂਧੀ ਨੇ ਇਹ ਨਾਂ ਵਰਤਿਆ ਸੀ ਤੇ ਨਰਸੀ ਮਹਿਤਾ ਦੀਆਂ ਲੀਹਾਂ 'ਤੇ ਤੁਰ ਕੇ ਛੂਤ-ਛਾਤ ਮਿਟਾਉਣ ਲਈ ਅਛੂਤਾਂ ਨਾਲ ਮਿਲਣਾ-ਬੈਠਣਾ, ਖਾਣਾ-ਪੀਣਾ ਤੇ ਰਹਿਣਾ ਸ਼ੁਰੂ ਕੀਤਾ ਸੀ।)

ਇਕ ਵਾਰ ਨਰਸੀ ਮਹਿਤਾ ਦੇ ਇਕੋ ਇਕ ਪੁੱਤਰ ਦੀ ਮੌਤ ਹੋ ਗਈ, ਤਾਂ ਉਸ ਨੇ ਏਡੇ ਵੱਡੇ ਦੁੱਖ ਨੂੰ ਬੜੇ ਸੰਜਮ ਤੇ ਸਹਿਜ ਭਾਵ ਨਾਲ ਲਿਆ। ਉਸ ਦਾ ਅੰਤਮ ਸਸਕਾਰ ਕਰਨ ਤੋਂ ਬਾਅਦ ਉਹ ਪਹਿਲਾਂ ਵਾਂਗ ਹੀ ਆਪਣੇ ਨਿੱਤ ਦੇ ਪਰਚਾਰ ਦੇ ਕੰਮ ਵਿਚ ਰੁੱਝ ਗਿਆ। ਉਹਨੀਂ ਹੀ ਦਿਨੀਂ ਉਸ ਦੀ ਪਤਨੀ ਸਖ਼ਤ ਬੀਮਾਰ ਪੈ ਗਈ। ਇਕ ਦਿਨ ਰਾਤ ਵੇਲੇ ਪਤਨੀ ਨੇ ਉਸ ਨੂੰ ਕਿਹਾ, "ਮੇਰੀ ਤਬੀਅਤ ਅੱਜ ਜ਼ਿਆਦਾ ਹੀ ਖ਼ਰਾਬ ਏ। ਕਿਤੇ ਮੈਂ ਚਲਾਣਾ ਹੀ ਨਾ ਕਰ ਜਾਵਾਂ। ਅੱਜ ਮੇਰੇ ਕੋਲ ਹੀ ਰਹੋ।"

"ਪਰ ਅੱਜ ਤਾਂ ਮੈਂ ਲਾਗਲੇ ਪਿੰਡ ਹਰੀਜਨਾਂ ਦੀ ਬਸਤੀ ਵਿਚ ਜਾਣਾ ਏ, ਜਿਥੋਂ ਮੈਨੂੰ ਕੀਰਤਨ ਕਰਨ ਲਈ ਸੱਦਾ ਆਇਆ ਹੋਇਆ ਏ। ਨਾ ਗਿਆ, ਤਾਂ ਲੋਕ ਬੁਰਾ ਮਨਾਉਣਗੇ। ਤੂੰ ਚਿੰਤਾ ਨਾ ਕਰ। ਤੇ ਰੱਬ 'ਤੇ ਭਰੋਸਾ ਰੱਖ।"

ਉਹ ਚਲਾ ਗਿਆ ਤੇ ਰਾਤ ਭਰ ਕੀਰਤਨ ਤੇ ਪਰਚਾਰ ਕਰਦਾ ਰਿਹਾ। ਜਦ ਸਵੇਰੇ ਘਰ ਆਇਆ, ਤਾਂ ਪਤਨੀ ਪਰਲੋਕ ਸਿਧਾਰ ਚੁੱਕੀ ਸੀ। ਉਹ ਪਤਨੀ ਕੋਲ ਕੁਝ ਚਿਰ ਸ਼ਾਂਤ ਬਣਿਆ ਬੈਠਾ ਰਿਹਾ। ਉਥੇ ਜੁੜੇ ਆਂਢ-ਗੁਆਂਢ ਦੇ ਲੋਕ ਉਸਨੂੰ ਹੈਰਾਨੀ ਨਾਲ ਵੇਖ ਰਹੇ ਸਨ, ਕੁਝ ਚਿਰ ਪਿੱਛੋਂ ਉਹ ਪਤਨੀ ਕੋਲੋਂ ਉਠਿਆ 'ਤੇ ਉਸ ਦੇ ਅੰਤਮ ਸਸਕਾਰ ਦੀ ਤਿਆਰੀ ਕਰਨ ਲੱਗਾ।

.......................................................

ਮੁਹੰਮਦ ਅਲੀ ਜਿਨਾਹ ਦੀ ਪਤਨੀ, ਰਤਨ ਬਾਈ ਸੁਹੱਪਣ ਤੇ ਸਲੀਕੇ ਵਜੋਂ ਹੀ ਨਹੀਂ, ਅਕਲ, ਨਿਡਰਤਾ ਤੇ ਹਾਜ਼ਰਜਵਾਬੀ ਵਜੋਂ ਵੀ ਲਾਜਵਾਬ ਸੀ।

1918 ਵਿਚ ਜਿਨਾਹ ਨਾਲ ਵਿਆਹ ਕਰਾਉਣ ਤੋਂ ਕੁਝ ਹੀ ਦਿਨ ਬਾਅਦ ਉਹ ਉਸ ਨਾਲ ਸ਼ਿਮਲੇ ਗਈ, ਜਿਥੇ ਵਾਇਸਰਾਏ ਚੈਮਸਫ਼ੋਰਡ ਵਲੋਂ ਬੁਲਾਈ ਗਈ ਇਕ ਮੀਟਿੰਗ ਵਿਚ ਹੋਰਨਾਂ ਭਾਰਤੀ ਆਗੂਆਂ ਨਾਲ ਜਿਨਾਹ ਨੇ ਵੀ ਸ਼ਾਮਿਲ ਹੋਣਾ ਸੀ।

ਮੀਟਿੰਗ ਤੋਂ ਬਾਅਦ ਰਾਤ ਦੇ ਖਾਣੇ 'ਤੇ ਜਦ ਸ੍ਰੀਮਤੀ ਜਿਨਾਹ ਦੀ ਵਾਇਸਰਾਏ ਨਾਲ ਜਾਣ-ਪਛਾਣ ਕਰਾਈ ਗਈ, ਤਾਂ ਉਹ ਉਸ ਦੇ ਸਨਮਾਨ ਵਿਚ, ਅੰਗਰੇਜ਼ਾਂ ਦੇ ਰਿਵਾਜ ਅਨੁਸਾਰ, ਗਾਊਨ ਵਾਂਗ ਸਾੜ੍ਹੀ ਦੇ ਘੇਰੇ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਰਤਾ ਕੁ ਨਿਵੀਂ ਨਹੀਂ। ਸਗੋਂ ਉਸ ਨੇ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤਾ। ਵਾਇਸਰਾਏ ਨੂੰ ਇਹ ਚੰਗਾ ਨਾ ਲੱਗਾ, ਪਰ ਉਹ ਚੁੱਪ ਰਿਹਾ।

ਖਾਣੇ ਤੋਂ ਬਾਅਦ ਇਕ ਮੌਕੇ 'ਤੇ ਵਾਇਸਰਾਏ ਨੇ ਉਸ ਨੂੰ ਕਿਹਾ, "ਤੁਹਾਡੇ ਪਤੀ ਦਾ ਰਾਜਨੀਤਕ ਭਵਿੱਖ ਬਹੁਤ ਸ਼ਾਨਦਾਰ ਏ, ਤੇ ਇਸ ਵਿਚ ਤੁਹਾਨੂੰ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ।"

"ਉਹ ਕਿਵੇਂ ?"

"ਉਹਨਾਂ ਨਾਲ ਜਿਥੇ ਵੀ ਜਾਓ, ਉਥੋਂ ਦੇ ਤੌਰ-ਤਰੀਕੇ ਤੇ ਰਸਮ-ਰਿਵਾਜ ਦੀ ਪਾਲਨਾ ਕਰੋ। ਕਹਾਵਤ ਹੈ ਨਾ ਕਿ ਰੋਮ ਵਿਚ ਜਾਓ, ਤਾਂ ਰੋਮਨਾਂ ਵਾਂਗ ਵਰਤੋ।"

ਸ੍ਰੀਮਤੀ ਜਿਨਾਹ ਉਸ ਦਾ ਇਸ਼ਾਰਾ ਸਮਝਣੋਂ ਨਾ ਰਹੀ। ਤੇ ਉਸ ਨੇ ਕਿਹਾ, "ਇਹੋ ਤਾਂ ਮੈਂ ਕੀਤਾ ਏ। ਹਿੰਦੁਸਤਾਨ ਵਿੱਚ ਮੈਂ ਹਿੰਦੁਸਤਾਨੀਆਂ ਦੇ ਰਿਵਾਜ ਅਨੁਸਾਰ ਹੀ ਤੁਹਾਨੂੰ ਨਮਸਕਾਰ ਕੀਤਾ ਹੈ।"

**(ਆਰਸੀ ਤੇ ਸੁਖਬੀਰ ਵਿਚੋਂ)**

.......................................................

## ਬੱਚਿਆਂ ਦਾ ਪੰਨਾ

# ਧਰਮ ਦੇ ਰਾਖੇ

ਗੁਰੂ ਗੋਬਿੰਦ ਸਿੰਘ ਲਈ ਸਭ ਤੋਂ ਪਿਆਰੀ ਚੀਜ਼ ਧਰਮ ਸੀ। ਉਨ੍ਹਾਂ ਆਪਣੇ ਸਿੱਖਾਂ ਤੇ ਹੋਰ ਮਿਲਣ ਵਾਲਿਆਂ ਨੂੰ ਧਰਮ ਲਈ ਮਰਨ ਮਿਟਣ ਦੀ ਸਿੱਖਿਆ ਦਿੱਤੀ। ਜ਼ੁਲਮ ਸਹਾਰਨ ਦੀ ਥਾਂ ਜ਼ਾਲਮ ਦਾ ਡੱਟ ਕੇ ਟਾਕਰਾ ਕਰਨ ਲਈ ਕਿਹਾ। ਜ਼ੁਲਮ ਦਾ ਟਾਕਰਾ ਕਰਨ ਵਿਚ ਹੀ ਧਰਮ ਦਾ ਬਚਾਉ ਹੈ। ਧਰਮ ਦੇ ਬਚਾਉਣ ਵਿਚ ਹੀ ਅਸਲੀ ਅਨੰਦ ਮਾਣਿਆ ਜਾ ਸਕਦਾ ਹੈ। ਆਪਾ ਵਾਰਨ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

1674 ਈ. ਵਿਚ ਕਸ਼ਮੀਰ ਦੇ ਗਵਰਨਰ ਨੇ ਔਰੰਗਜ਼ੇਬ ਦੇ ਹੁਕਮ ਨਾਲ ਹਿੰਦੂਆਂ ਨੂੰ ਧੱਕੋਜ਼ੋਰੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ। ਨਾਂਹ ਨੁੱਕਰ ਕਰਨ ਵਾਲੇ ਨੂੰ ਦੁੱਖ ਤਕਲੀਫ ਤੇ ਤਸੀਹੇ ਦਿੱਤੇ ਜਾਂਦੇ। ਸ਼ੇਰ ਅਫ਼ਗਾਨ ਖ਼ਾਨ ਗਵਰਨਰ ਦੇ ਹੁਕਮ ਦੀ ਪਾਲਣਾ ਕਰਦੇ ਹੋਏ, ਗਰੀਬ ਤੇ ਕਮਜ਼ੋਰ ਹਿੰਦੂ ਮੁਸਲਮਾਨ ਬਣਨ ਲੱਗ ਪਏ। ਜਦੋਂ ਕਸ਼ਮੀਰ ਦੇ ਬ੍ਰਾਹਮਣਾਂ ਨੂੰ ਧਰਮ ਬਚਾਉਣ ਦਾ ਕੋਈ ਹੋਰ ਰਾਹ ਨਜ਼ਰ ਨਾ ਆਇਆ ਤਾਂ ਉਨ੍ਹਾਂ ਨੇ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਪਾਸ ਅਨੰਦਪੁਰ ਆ ਫਰਿਆਦ ਕੀਤੀ। ਪੰਡਤ ਕਿਰਪਾ ਰਾਮ ਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਕਿਸੇ ਸਮੇਂ ਸੰਸਕ੍ਰਿਤ ਦੀ ਵਿੱਦਿਆ ਦਿੰਦਾ ਰਿਹਾ ਸੀ। ਇਸ ਲਈ ਉਸ ਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਬਤ ਪੂਰੀ ਜਾਣਕਾਰੀ ਸੀ।

ਗੁਰੂ ਤੇਗ ਬਾਹਦਰ ਜੀ ਨੇ ਫਰਿਆਦੀਆਂ ਦੀ ਪੁਕਾਰ ਸੁਣ ਕੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਸਾਰਿਆਂ ਦਾ ਧਰਮ ਬਚ ਸਕਦਾ ਹੈ, ਜੇ ਕੋਈ ਮਹਾਂਪੁਰਸ਼ ਇਸ ਦੇ ਬਚਾਉ ਲਈ ਆਪਣਾ ਸੀਸ ਦੇਣ ਲਈ ਤਿਆਰ ਹੋਵੇ। ਉਸ ਸਮੇਂ ਸਾਹਿਬਜ਼ਾਦਾ ਗੋਬਿੰਦ ਰਾਏ ਜੀ ਦਰਬਾਰ ਵਿਚ ਹਾਜ਼ਰ ਸਨ। ਸਾਰੇ ਪਾਸੇ ਚੁੱਪ-ਚਾਪ ਛਾਈ ਦੇਖ ਕੇ ਸਾਹਿਬਜ਼ਾਦੇ ਨੇ ਬੇਨਤੀ ਕੀਤੀ, "ਪਿਤਾ ਜੀ, ਮੈਨੂੰ ਤਾਂ ਆਪ ਨਾਲੋਂ ਹੋਰ ਕੋਈ ਮਹਾਂਪੁਰਸ਼ ਨਜ਼ਰ ਨਹੀਂ ਆਉਂਦਾ, ਜਿਸ ਦੇ ਹਿਰਦੇ ਅੰਦਰ ਆਮ ਜਨਤਾ ਦੀ ਦੁੱਖ ਤਕਲੀਫ਼ ਦਾ ਦਰਦ ਹੋਵੇ ਤੇ ਜਿਹੜਾ ਦੁੱਖ ਦੂਰ ਕਰਨ ਲਈ ਤੇ ਧਰਮ ਦੀ ਖਾਤਰ ਆਪਣਾ ਆਪ ਵਾਰਨ ਲਈ ਤਿਆਰ ਹੋਵੇ।"

ਸਾਹਿਬਜ਼ਾਦੇ ਦੀ ਇਸ ਤਰ੍ਹਾਂ ਦੀ ਸਲਾਹ ਦੇਣ ਉੱਪਰ ਗੁਰੂ ਜੀ ਨੂੰ ਯਕੀਨ ਆ ਗਿਆ ਕਿ ਗੋਬਿੰਦ ਰਾਏ ਗੁਰੂ ਨਾਨਕ ਦੀ ਗੱਦੀ ਦੀ ਅਗਵਾਈ ਕਰਨ ਦੇ ਯੋਗ ਸੀ। ਉਨ੍ਹਾਂ ਨੇ ਫਰਿਆਦੀਆਂ ਨੂੰ ਕਿਹਾ, ਤੁਸੀਂ ਕਸ਼ਮੀਰ ਵਾਪਸ ਚਲੇ ਜਾਉ ਤੇ ਆਪਣੇ ਗਵਰਨਰ ਨੂੰ ਕਹਿ ਦੇਵੋ ਕਿ ਗੁਰੂ ਤੇਗ ਬਹਾਦਰ ਸਾਡੇ ਧਰਮ ਦੇ ਆਗੂ ਹਨ, ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ ਤਾਂ ਅਸੀਂ ਸਾਰੇ ਉਨ੍ਹਾਂ ਦੇ ਪਿਛੋਂ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ।

ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਦਾ ਸੁਨੇਹਾ ਪੁੱਜਣ ਉਪਰ ਗੁਰੂ ਜੀ ਦੀ ਗ੍ਰਿਫ਼ਤਾਰੀ ਲਈ ਅਨੰਦਪੁਰ ਵੱਲ ਸਿਪਾਹੀ ਭੇਜ ਦਿੱਤੇ। ਸਿਪਾਹੀਆਂ ਦੇ ਪੁੱਜਣ ਤੋਂ ਪਹਿਲਾਂ ਹੀ ਗੁਰੂ ਜੀ ਨੇ ਦਿੱਲੀ ਵੱਲ ਦੀ ਯਾਤਰਾ ਸ਼ੁਰੂ ਕਰ ਦਿੱਤੀ ਸੀ ਤਾਂ ਜੋ ਉਹ ਰਸਤੇ ਦੀਆਂ ਸੰਗਤਾਂ ਨੂੰ ਇਸ ਹੁੰਦੇ ਅੱਤਿਆਚਾਰ ਬਾਰੇ ਜਾਣੂੰ ਕਰਵਾ ਜਾਣ। ਆਗਰੇ ਪੁੱਜਣ ਉਪਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਆ ਕੇ ਕੈਦ ਕਰ ਦਿੱਤਾ ਗਿਆ। ਗੱਲਬਾਤ ਰਾਹੀਂ ਗੁਰੂ ਜੀ ਤੇ ਉਨ੍ਹਾਂ ਨਾਲ ਆਏ ਸਿੱਖਾਂ ਨੇ ਮੁਸਲਮਾਨ ਬਣਨਾ ਕਬੂਲ ਨਾ ਕੀਤਾ। ਗੁਰੂ ਜੀ ਨੂੰ ਡਰਾਉਣ ਲਈ, ਉਨ੍ਹਾਂ ਨੇ ਸਿੱਖਾਂ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ, ਫਿਰ ਵੀ ਗੁਰੂ ਜੀ ਨੇ ਮੁਸਲਮਾਨ ਬਣਨਾ ਨਾ ਮੰਨਿਆ। 11 ਨਵੰਬਰ 1675 ਈ. ਨੂੰ ਗੁਰੂ ਤੇਗ ਬਾਹਦਰ ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਦੀ ਸ਼ਹੀਦੀ ਪਿਛੋਂ ਔਰੰਗਜ਼ੇਬ ਨੂੰ ਯਕੀਨ ਆ ਗਿਆ ਕਿ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਨਹੀਂ ਬਣਾਇਆ ਜਾ ਸਕਦਾ।

**ਸੰਤੋਖ ਸਿੰਘ ਜਗਦੇਵ**

## ਖ਼ਬਰਨਾਮਾ

# ਭਾਈ ਕਨ੍ਹੱਈਆ ਆਸ਼ਰਮ ਸਿਰਸਾ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਸੈਮੀਨਾਰ

**15 ਅਪ੍ਰੈਲ 2021** - ਭਾਈ ਕਨ੍ਹੱਈਆ ਮਾਨਵ ਸੇਵਾ ਟਰੱਸਟ ਸਿਰਸਾ ਹਰਿਆਣਾ ਵੱਲੋਂ ਇਕ ਅਨਾਥ ਆਸ਼ਰਮ ਦਾ ਸੰਚਾਲਨ ਕੀਤਾ ਜਾ ਰਿਹਾ ਹੈ। ਇਹ ਆਸ਼ਰਮ ਦੀ ਸਿਰਸਾ-ਹਿਸਾਰ ਰੋਡ 'ਤੇ ਇਕ ਸੁੰਦਰ ਇਮਾਰਤ ਹੈ। ਦਿੱਖ ਦੇ ਪੱਖੋਂ ਇਹ ਆਸ਼ਰਮ ਇੱਕ ਵਧੀਆ ਹਾਸਪੀਟਲ ਵਰਗਾ ਜਾਪਦਾ ਹੈ। ਇਸ ਵਿਚ 300 ਦੇ ਕਰੀਬ ਮਰਦ ਔਰਤਾਂ ਦੀ ਸੇਵਾ ਹੁੰਦੀ ਹੈ। ਸਿਰਸਾ ਵਿਖੇ ਇਸ ਅਨਾਥਾਂ ਬੇਸਹਾਰਿਆਂ ਦੀ ਸੰਭਾਲ ਕਰਨ ਵਾਲੇ ਇਸ ਆਸ਼ਰਮ ਸਦਕਾ ਹੀ ਸਿਰਸਾ, ਏਲਨਾਬਾਦ, ਰਾਣੀਆਂ ਜਾਂ ਫਤਿਆਬਾਦ ਆਦਿ ਸ਼ਹਿਰਾਂ ਵਿੱਚ ਕੋਈ ਸੜਕ ਕਿਨਾਰੇ ਬੈਠਾ ਨਹੀਂ ਦਿਖੇਗਾ। ਭਾਈ ਕਨ੍ਹੱਈਆ ਆਸ਼ਰਮ ਦੇ ਮੋਢੀ ਸੰਸਥਾਪਕ ਸ੍ਰੀ ਗੁਰਵਿੰਦਰ ਸਿੰਘ ਜੀ ਆਪ ਵੀ ਵੀਲ ਚੇਅਰ 'ਤੇ ਹਨ। ਇੱਕ ਭਿਆਨਕ ਐਕਸੀਡੈਂਟ ਹੋਣ ਕਰਕੇ ਆਪ ਦੀਆਂ ਦੋਵੇਂ ਲੱਤਾਂ ਚੱਲਣ-ਫਿਰਨ ਤੋਂ ਅਸਮਰੱਥ ਹੋ ਗਈਆਂ। ਉਪਰੰਤ ਆਪ ਨੇ ਇੱਕ ਦੋ ਸਾਥੀਆਂ ਨਾਲ ਮਿਲ ਕੇ ਸੜਕਾਂ 'ਤੇ ਬੈਠੇ ਬੇਸਹਾਰਾ ਲੋਕਾਂ ਦੀ ਸੇਵਾ ਦਾ ਸੰਕਲਪ ਲਿਆ। ਇਸ ਟਰੱਸਟ ਵਿਚ ਭਾਈ ਗੁਰਵਿੰਦਰ ਸਿੰਘ ਜੀ ਅਤੇ ਸ. ਹਰਦੇਵ ਸਿੰਘ ਨਾਮਧਾਰੀ ਪਰਿਵਾਰ ਵਿੱਚੋਂ ਹਨ। ਇਨ੍ਹਾਂ ਗੁਰਮੁਖਾਂ ਦੀ ਅਰਜ਼ ਬੇਨਤੀ 'ਤੇ ਪਿਛਲੇ ਸਮੇਂ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਵੀ ਇੱਥੇ ਚਰਨ ਪਾਏ ਸਨ। ਭਾਈ ਕਨ੍ਹੱਈਆ ਮਾਨਵ ਸੇਵਾ ਟਰੱਸਟ ਨਾਲ ਜੁੜੇ ਭਾਈ ਗੁਰਵਿੰਦਰ ਸਿੰਘ, ਭਾਈ ਹਰਦੇਵ ਸਿੰਘ ਦੀ ਇੱਛਾ ਸੀ ਕਿ ਸਾਡੇ ਸੰਗੀ ਸਾਥੀ ਅਤੇ ਸਹਿਯੋਗੀ ਨਾਮਧਾਰੀ ਪੰਥ ਬਾਰੇ ਜੋ ਬਹੁਤ ਘੱਟ ਜਾਣਦੇ ਹਨ, ਇਸ ਲਈ ਅਸੀਂ ਸਤਿਗੁਰੂ ਰਾਮ ਸਿੰਘ ਜੀ ਬਾਰੇ ਇਕ ਸੈਮੀਨਾਰ ਦਾ ਆਯੋਜਨ ਕਰਵਾਉਣਾ ਚਾਹੁੰਦੇ ਹਾਂ।

15 ਅਪ੍ਰੈਲ 2021 ਨੂੰ ਸੁਤੰਤਰਤਾ ਸੰਗਰਾਮ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸਦੇ ਨਾਲ ਹੀ ਟਰੱਸਟ ਵੱਲੋਂ ਸਾਲਾਨਾ ਸਨਮਾਨ ਸਮਾਰੋਹ ਵੀ ਕੀਤਾ ਗਿਆ।

ਮੁੱਖ ਅਤਿਥੀ ਸ੍ਰੀ ਪ੍ਰਦੀਪ ਕੁਮਾਰ ਜੀ (ਡਿਪਟੀ ਕਮਿਸ਼ਨਰ ਸਿਰਸਾ) ਦੀ ਪ੍ਰਧਾਨਗੀ ਹੇਠ ਹੋਏ ਸੈਮੀਨਾਰ ਵਿੱਚ ਮੁੱਖ ਬੁਲਾਰੇ ਸ੍ਰੀ ਹਰਭਗਵਾਨ ਚਾਵਲਾ ਪ੍ਰਸਿੱਧ ਇਤਿਹਾਸਕਾਰ ਸੁਵਰਨ ਸਿੰਘ ਜੀ ਵਿਰਕ ਅਤੇ ਹਰਪਾਲ ਸਿੰਘ ਸੇਵਕ ਸਨ। ਇਸ ਸੈਮੀਨਾਰ ਵਿੱਚ ਸਿਰਸਾ ਜ਼ਿਲ੍ਹੇ ਦੇ ਕਰੀਬ 60 ਸਮਾਜ ਸੇਵੀ ਕਲੱਬਾਂ ਨੇ ਵੀ ਭਾਗ ਲਿਆ।

ਕਰੀਬ 2 ਘੰਟੇ ਚੱਲੇ ਪ੍ਰੋਗਰਾਮ ਦਾ ਆਰੰਭ ਪ੍ਰਸਿੱਧ ਵਿਦਵਾਨ ਸ੍ਰੀ ਹਰਭਗਵਾਨ ਚਾਵਲਾ ਨੇ ਡਿਪਟੀ ਕਮਿਸ਼ਨਰ ਸ੍ਰੀ ਪ੍ਰਦੀਪ ਕੁਮਾਰ ਜੀ ਨੂੰ ਜੀਓ ਆਇਆਂ ਆਖ ਕੇ ਕਰਦਿਆਂ ਕਿਹਾ ਕਿ ਮਨੁੱਖ ਦਾ ਸਭ ਤੋਂ ਵੱਡਾ ਧਰਮ ਹੈ, ਲੋੜਵੰਦਾਂ ਦੀ ਸੇਵਾ, ਸਹਾਇਤਾ ਕਰਨੀ। ਜੋ ਇਸ ਭਾਈ ਕਨ੍ਹੱਈਆ ਆਸ਼ਰਮ ਵਿੱਚ 300 ਤੋਂ ਵੱਧ ਲਾਵਾਰਿਸ ਮਰਦ ਔਰਤਾਂ ਅਤੇ ਬੱਚਿਆਂ ਦੀ ਸੇਵਾ ਹੋ ਰਹੀ ਹੈ। ਭਾਈ ਗੁਰਵਿੰਦਰ ਸਿੰਘ ਆਪ ਵੀਲ ਚੇਅਰ 'ਤੇ ਹੈ ਪਰ ਉਸਨੇ ਅਨੇਕਾਂ ਬੇਸਹਾਰਿਆਂ ਨੂੰ ਪੈਰਾਂ ਸਿਰ ਖੜ੍ਹੇ ਕੀਤਾ ਹੈ। ਅੱਜ ਦੇ ਸਮਾਜ ਨੂੰ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਨੂੰ ਇਸ ਆਸ਼ਰਮ ਵਿੱਚ ਅਨਾਥਾਂ ਤੇ ਬੇਸਹਾਰਿਆਂ ਦੀ ਹੋ ਰਹੀ ਸੇਵਾ ਸੰਭਾਲ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ।

ਇਸ ਸੈਮੀਨਾਰ ਵਿੱਚ ਸ੍ਰੀ ਭੈਣੀ ਸਾਹਿਬ ਤੋਂ ਸੇਵਕ ਰਛਪਾਲ ਸਿੰਘ, ਭਜਨ ਸਿੰਘ ਅਤੇ ਹਰਪਾਲ ਸਿੰਘ ਸੇਵਕ ਉਚੇਚਾ ਪਧਾਰੇ।

ਹਰਪਾਲ ਸਿੰਘ ਸੇਵਕ ਨੇ ਕਰੀਬ 20 ਮਿੰਟ ਦੇ ਵਖਿਆਣ 'ਚ ਜਿੱਥੇ ਵਿਸਥਾਰ ਸਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਜ਼ਾਦੀ ਸੰਗਰਾਮ ਵਿੱਚ ਅਪੂਰਵਾ ਯੋਗਦਾਨ ਬਾਰੇ ਦੱਸਿਆ ਉਥੇ ਭਾਈ ਕਨ੍ਹੱਈਆ ਮਾਨਵ ਸੇਵਾ ਟਰੱਸਟ ਦੀ ਬਹੁਤ ਸ਼ਲਾਘਾ ਕੀਤੀ। ਜਿਸ ਦਾ ਸੰਖੇਪ ਸਾਰ ਹੈ-

ਸਿੱਖ ਧਰਮ ਦੇ ਬਾਨੀ ਆਦਿ ਸਤਿਗੁਰੂ ਨਾਨਕ ਦੇਵ ਜੀ ਨੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸੰਕਲਪ ਦ੍ਰਿੜ੍ਹਾਇਆ ਅਤੇ ਦੁਖੀ, ਬਿਮਾਰਾਂ, ਬੇਸਹਾਰਿਆਂ ਅਤੇ ਲੋੜਵੰਦਾਂ ਦੀ ਸੇਵਾ ਕਰਨ ਦੀ ਸਿੱਖਿਆ ਦਿੱਤੀ। ਗੁਰਵਿੰਦਰ ਸਿੰਘ, ਹਰਦੇਵ ਸਿੰਘ ਅਤੇ ਭਾਈ ਕਨ੍ਹੱਈਆ ਮਾਨਵ ਟਰੱਸਟ ਦੇ ਸਾਥੀਆਂ ਦੇ ਉੱਦਮ ਨਾਲ ਸੈਂਕੜੇ ਲਾਵਾਰਸ ਲੋਕਾਂ ਦੀ ਸੰਭਾਲ ਹੋ ਰਹੀ ਹੈ। ਧਰਮ ਦਾ ਗੁਰਮਤਿ ਦਾ

ਅਸਲ ਮਾਰਗ ਇਹੋ ਸੇਵਾ ਦਾ ਮਾਰਗ ਹੀ ਹੈ।

ਭਾਈ ਗੁਰਵਿੰਦਰ ਸਿੰਘ ਅਤੇ ਹਰਦੇਵ ਸਿੰਘ ਕਿਉਂਕਿ ਟਕਸਾਲੀ ਨਾਮਧਾਰੀ ਪਰਿਵਾਰ ਵਿੱਚੋਂ ਹਨ। ਇਸ ਲਈ ਇਨ੍ਹਾਂ ਦੀ ਭਰਪੂਰ ਇੱਛਾ ਸੀ ਕਿ ਅਸੀਂ ਇਸ ਸੇਵਾ ਮਿਸ਼ਨ ਨਾਲ ਜੁੜੇ ਆਪਣੇ ਸਹਿਯੋਗੀਆਂ ਨੂੰ ਗੌਰਵਮਈ ਨਾਮਧਾਰੀ ਇਤਿਹਾਸ ਬਾਰੇ ਕੁਝ ਜਾਣਕਾਰੀ ਦੇਣ ਦਾ ਕੋਈ ਉਪਰਾਲਾ ਕਰੀਏ। ਇਸ ਲਈ ਅੱਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਵਿਸ਼ੇਸ਼ ਸੈਮੀਨਾਰ ਰੱਖਿਆ ਗਿਆ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗੁਲਾਮੀ ਦੀ ਕਾਲੀ ਬੋਲੀ ਰਾਤ ਸਮੇਂ ਆਜ਼ਾਦੀ ਦਾ ਚਾਨਣ ਮੁਨਾਰਾ ਬਣ ਕੇ ਪ੍ਰਗਟੇ ਜਿਸ ਬਰਤਾਨਵੀ ਹਕੂਮਤ ਨੇ ਦੋ ਸਦੀਆਂ ਭਾਰਤ ’ਤੇ ਰਾਜ ਕੀਤਾ ਅਤੇ ਇਕ ਸਦੀ ਪੰਜਾਬ ’ਤੇ ਸਤਿਗੁਰੂ ਜੀ ਇੱਕ ਸਾਧਾਰਨ ਕਿਰਤੀ ਪਰਿਵਾਰ ’ਚੋਂ ਉੱਠ ਕੇ ਆਜ਼ਾਦੀ ਸੰਗਰਾਮ ਦੇ ਨਾਇਕ ਬਣ ਕੇ ਉੱਭਰੇ। ਆਪ ਨੇ ਖਾਲਸਾ ਰਾਜ ਦਾ ਸੂਰਜ ਸਿਖਰ ’ਤੇ ਵੀ ਵੇਖਿਆ ਅਤੇ ਛਿਪਦਾ ਵੀ ਅਤੇ ਇਸ ਦੇ ਮੂਲ ਕਾਰਨਾਂ ਬਾਰੇ ਚਿੰਤਨ ਕੀਤਾ। ਆਪ ਨੇ ਸਭ ਤੋਂ ਪਹਿਲਾਂ ਵਹਿਮਾਂ-ਭਰਮਾਂ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਤੋਂ ਮੁਕਤ ਕਰ ਕੇ ਅਰੋਗ ਅਤੇ ਮਜ਼ਬੂਤ ਮਨੁੱਖ ਦੀ ਸਿਰਜਣਾ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਨੇ 1857 ਈ. ਦੇ ਆਜ਼ਾਦੀ ਸੰਗਰਾਮ ਤੋਂ ਉਮੀਦ ਕਰੀਬ ਮਹੀਨਾ ਭਰ ਪਹਿਲਾਂ 12 ਅਪ੍ਰੈਲ 1857 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖ਼ਾਲਸੇ ਦੀ ਪੁਨਰ ਸਥਾਪਤੀ ਕੀਤੀ। ਅਮਨ ਅਤੇ ਆਜ਼ਾਦੀ ਦਾ ਪ੍ਰਤੀਕ ਸਫ਼ੈਦ ਤਿਕੋਣਾ ਝੰਡਾ ਝੁਲਾ ਕੇ ਆਜ਼ਾਦੀ ਸੰਗਰਾਮ ਦਾ ਸ੍ਰੀ ਗਣੇਸ਼ ਕੀਤਾ। ਆਪ ਵਿਸ਼ਵ ਇਤਿਹਾਸ ਦੇ ਪਹਿਲੇ ਨੀਤੀ ਨੇਤਾ ਹਨ, ਜਿਨ੍ਹਾਂ ਨੇ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵੀ ਦੇਸੀ ਸਰਕਾਰ ਨਾਲ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਸਿਆਸੀ ਹਥਿਆਰ ਵਜੋਂ ਵਰਤਿਆ। ਆਪ ਦੁਆਰਾ ਦਰਸਾਏ ਮਾਰਗ ਅੰਗਰੇਜ਼ੀ ਕੌਮਾਂ ਦਾ ਪੂਰਨ ਬਾਈਕਾਟ ਅਤੇ ਅਸਹਿਯੋਗ ਨੂੰ 1920 ਤੋਂ ਬਾਅਦ ਅਪਨਾਇਆ ਮਹਾਤਮਾ ਗਾਂਧੀ ਜੀ ਅਤੇ ਕਾਂਗਰਸ ਨੇ।

1971-72 ਵਿੱਚ ਨਾਮਧਾਰੀ ਸਿੰਘਾਂ ਵੱਲੋਂ ਅੰਗਰੇਜ਼ੀ ਹਕੂਮਤ ਵਿਰੁੱਧ ਖੁੱਲ੍ਹੀ ਬਗ਼ਾਵਤ ਕਰਕੇ ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਅਤੇ ਮਲੇਰਕੋਟਲੇ ਦੇ ਰੱਕੜ ਵਿੱਚ ਸ਼ਹੀਦ ਹੋਣ ਵਾਲੇ ਸੂਰਬੀਰਾਂ ਤੋਂ ਪ੍ਰੇਰਨਾ ਲੈ ਕੇ ਪਗੜੀ ਸੰਭਾਲ ਜੱਟਾ (ਕਿਸਾਨ ਅੰਦੋਲਨ), ਗ਼ਦਰ ਲਹਿਰ, ਬੱਬਰ ਲਹਿਰ ਅਤੇ ਸ਼ਹੀਦ ਭਗਤ ਸਿੰਘ ਦੀ ਅਗਵਾਈ ਵਿੱਚ ਭਾਰਤ ਨੌਜਵਾਨ ਸਭਾ ਦੇ ਯੋਧਿਆਂ ਨੇ ਅਪਣਾਇਆ ਅਤੇ ਅੰਗਰੇਜ਼ੀ ਹਕੂਮਤ ਦੇ ਨੱਕ 'ਚ ਦਮ ਕਰ ਦਿੱਤਾ। ਨਾਮਧਾਰੀ ਸਿੰਘਾਂ ਨੇ ਫਾਂਸੀਆਂ ਦੇ ਰੱਸੇ ਆਪ ਗਲਾਂ ਵਿੱਚ ਪਾ ਕੇ ਅਤੇ ਆਪਣੀਆਂ ਛਾਤੀਆਂ ਤੇ ਤੋਪਾਂ ਦੇ ਗੋਲੇ ਸਹਿਣ ਕਰਕੇ ਸਿੱਖ ਇਤਿਹਾਸ ਦੇ ਕੁਰਬਾਨੀਆਂ ਦੇ ਇਤਿਹਾਸ ਨੂੰ ਦੁਹਰਾਇਆ। 1868- 69 ਵਿੱਚ ਆਜ਼ਾਦ ਸਟੇਟ ਕਸ਼ਮੀਰ ਵਿੱਚ ਕੂਕਾ ਰਜਮੈਂਟ ਕਾਇਮ ਕੀਤੀ ਗਈ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਗਵਾਂਢੀ ਦੇਸ਼ਾਂ ਨਾਲ ਵੀ ਰਾਜਨੀਤਕ ਸਬੰਧ ਕਾਇਮ ਕੀਤੇ। ਆਪ ਜੀ ਦੇ ਇਸ ਸੰਕਲਪ ਦਾ ਵਿਸਥਾਰ ਰੂਪ ਹੈ- ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿੱਚ ਆਜ਼ਾਦ ਹਿੰਦ ਫ਼ੌਜ ਇਸੇ ਲਈ ਪ੍ਰਸਿੱਧ ਇਤਿਹਾਸਕਾਰ ਸ੍ਰੀ ਹਮਾਯੂੰ ਕਬੀਰ ਨੇ ਕੂਕਾ ਲਹਿਰ ਨੂੰ ਹੀ ਸਾਰੀਆਂ ਆਜ਼ਾਦੀ ਲਹਿਰਾਂ ਦੀ ਜਨਮਦਾਤੀ ਲਿਖਿਆ ਹੈ।

ਉਪਰੰਤ ਬਹੁਤ ਹੀ ਸੁਘੜ ਮੰਚ ਸੰਚਾਲਕ ਸ੍ਰੀ ਵੀਰੇਂਦਰ ਭਾਟੀਆ ਜੀ ਨੇ ਕਿਹਾ ਕਿ ਅੱਜ ਦੇ ਸੈਮੀਨਾਰ 'ਚੋਂ ਸਾਨੂੰ ਬਹੁਤ ਹੀ ਮੁੱਲਵਾਨ ਅਤੇ ਤੱਥ ਭਰਪੂਰ ਜਾਣਕਾਰੀ ਮਿਲ ਰਹੀ ਹੈ। ਅਸੀਂ ਸੇਵਕ ਜੀ ਦਾ ਬਹੁਤ ਧੰਨਵਾਦ ਕਰਦੇ ਹਾਂ, ਜੋ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਸਮਾਗਮ ’ਤੇ ਪੁੱਜੇ ਹਨ। ਹੁਣ ਸਾਡੇ ਏਸੇ ਜ਼ਿਲ੍ਹੇ ਦੇ ਪ੍ਰਸਿੱਧ ਬੁਲਾਰੇ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਇਤਿਹਾਸ ਦੇ ਇਨਸਾਈਕਲੋਪੀਡੀਆ ਵਜੋਂ ਜਾਣੇ ਜਾਂਦੇ ਸ. ਸੁਵਰਨ ਸਿੰਘ ਵਿਰਕ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਤੁਹਾਡੇ ਰੂ-ਬ-ਰੂ ਹੋਣਗੇ। ਸ. ਸੁਵਰਨ ਸਿੰਘ ਵਿਰਕ ਦੇ ਵਿਸਤ੍ਰਿਤ ਵਿਖਿਆਨ ਦਾ ਸੰਖੇਪ ਸਾਰ ਹੈ-

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣੇ ਦੇ ਇੱਕ ਕਿਰਤੀ ਪਰਿਵਾਰ ਵਿੱਚ ਪਿਤਾ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਅਜੇ ਕਰੀਬ ਇਕ ਵਰ੍ਹੇ ਦੇ ਹੀ ਸਨ ਕਿ ਆਪ ਦੇ ਪਿਤਾ ਪਰਿਵਾਰ ਸਹਿਤ ਲਾਗਲੇ ਪਿੰਡ ਭੈਣੀ ਆਲਾ ਆ ਗਏ। ਇਸ ਪਿੰਡ ਦਾ ਨਾਮ ਪਹਿਲੋਂ ਭੈਣੀ ਭੂੰਦੜ ਵੀ ਸੀ ਪਰ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਨਗਰ ਨੂੰ ਆਪਣੀ ਕਰਮ ਭੂਮੀ ਬਣਾਇਆ। ਤਦ ਇਹੋ ਭੈਣੀ ਆਲਾ ਜੰਗੇ-ਆਜ਼ਾਦੀ ਦੀ ਜਨਮ ਭੂਮੀ ਸ੍ਰੀ ਭੈਣੀ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਸਤਿਗੁਰੂ ਰਾਮ ਸਿੰਘ ਜੀ ਦਾ ਹੋਣੀਆਂ ਭਰਪੂਰ ਬਚਪਨ ਸੀ। ਪਿਤਾ ਨਾਲ ਲੁਹਾਰਾ-ਤਰਖਾਣਾ ਕੰਮ ਕਰਦੇ, ਬਟਾਈ ਤੇ ਜ਼ਮੀਨ ਲੈ ਕੇ ਖੇਤੀ ਕਰਦੇ, ਯੁਵਾ ਅਵਸਥਾ ਵਿੱਚ

ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਫ਼ੌਜ ਵਿੱਚ ਭਰਤੀ ਹੋ ਗਏ। 7-8 ਵਰ੍ਹੇ ਫੌਜ ਦੀ ਨੌਕਰੀ ਕੀਤੀ। ਪੰਜਾਬ ਜਦੋਂ ਬਰਤਾਨਵੀ ਹਕੂਮਤ ਦੇ ਅਧੀਨ ਹੋ ਗਿਆ ਤਾਂ ਆਪ ਪਿੰਡ ਆ ਗਏ। ਰਾਜਗਿਰੀ ਦਾ ਕੰਮ ਕੀਤਾ, ਦੁਕਾਨ ਵੀ ਕੀਤੀ, ਵਣਜ ਵਪਾਰ ਵੀ ਕੀਤਾ ਅਤੇ ਨਾਲ-ਨਾਲ ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਗਹਿਰਾ ਚਿੰਤਨ ਕੀਤਾ। ਜਦੋਂ ਆਪ ਨੇ 12 ਅਪ੍ਰੈਲ 1857 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਜ਼ਾਦੀ ਸੰਗਰਾਮ ਦਾ ਬਿਗਲ ਵਜਾਇਆ ਤਾਂ ਆਪ ਦੇ ਬਹੁਤ ਸਾਰੇ ਸੈਨਿਕ ਸਾਥੀ ਆਪ ਦੀ ਸ਼ਰਨ ਵਿਚ ਆ ਗਏ। ਆਪ ਨੇ ਵਿਦੇਸ਼ੀ ਹਕੂਮਤ ਦੇ ਬਾਈਕਾਟ ਦੇ ਨਾਲ-ਨਾਲ ਸਵਦੇਸ਼ੀ ਅਤੇ ਸਵੈ ਰਾਜ ਦਾ ਸੰਕਲਪ ਦਿੱਤਾ। ਆਪ ਦੀ ਅਗਵਾਈ ਵਿਚ ਸੂਬੇ, ਨਾਇਬ ਸੂਬੇ ਅਤੇ ਮਹੰਤ ਇਕ ਪੂਰਾ ਨੈੱਟਵਰਕ ਸੀ। ਜੋ ਬੜੇ ਸੁਚਾਰੂ ਢੰਗ ਨਾਲ ਪ੍ਰਚਾਰ ਕਰ ਰਿਹਾ ਸੀ। ਕੂਕੇ ਸਿੰਘ ਗਲੀਆਂ ਵਿਚ ਬੇਖ਼ੌਫ਼ ਗਾਉਂਦੇ ਫਿਰਦੇ ਸਨ-

ਇਹ ਮਲੇਸ਼ ਨੰਦਨੋਂ ਆਏ<br>
ਇਨ੍ਹਾਂ ਬੁੱਚੜਖਾਨੇ ਲਾਏ<br>
ਸਾਨੂੰ ਦੁੱਖ ਗਊਆਂ ਦਾ ਖਾਏ<br>
ਸਿੰਘੋ ਸੀਸ ਦੇਵਣੇ ਆਏ<br>
ਨਾਇ ਕਰਤਾਰ ਦੇ।

ਇਸ ਤੋਂ ਬਿਨਾਂ ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਦਾ ਅੱਧਾ-ਹਿੱਸਾ ਇਸਤਰੀ ਜਾਤੀ ਨੂੰ ਬੰਧਨ ਮੁਕਤ ਕਰਨ ਲਈ ਠੋਸ ਅਤੇ ਸਫ਼ਲ ਯਤਨ ਕੀਤੇ। 18 ਵੀਂ ਅਤੇ 19 ਵੀਂ ਸਦੀ ਵਿੱਚ ਜਦੋਂ ਜੰਮਦੀਆਂ ਬੱਚੀਆਂ ਨੂੰ ਮਾਰਨ ਦਾ ਰਿਵਾਜ ਆਮ ਸੀ, ਬਾਲ ਵਿਆਹ ਪ੍ਰਚਲਤ ਸਨ, ਵਿਧਵਾ ਵਿਆਹ ਦੀ ਆਗਿਆ ਨਹੀਂ ਸੀ, ਸਤੀ ਪ੍ਰਥਾ ਵਰਗੀਆਂ ਕਰੂਰ ਰੀਤਾਂ ਪ੍ਰਚੱਲਿਤ ਸਨ, ਜੁਆਨ ਲੜਕੀਆਂ ਨੂੰ ਵੇਚਿਆ ਖ਼ਰੀਦਿਆ ਜਾਂਦਾ ਸੀ, ਅਜਿਹੇ ਦੌਰ ਵਿੱਚ ਆਪ ਨੇ ਹੁਕਮਨਾਮੇ ਜਾਰੀ ਕੀਤੇ। 'ਲੜਕੀ ਮਾਰੇ ਵੇਚੇ ਬੱਟਾ ਕਰੇ ਉਸ ਦੇ ਘਰ ਦਾ ਅੰਨ-ਜਲ ਨਹੀਂ ਗ੍ਰਹਿਣ ਕਰਨਾ, ਸੰਗਤ ਵਿਚ ਨਹੀਂ ਵੜਨ ਦੇਣਾ' ਇੱਥੋਂ ਤਕ ਲਿਖਿਆ ਹੈ ਕਿ 'ਕੁੜੀ ਦਾ ਮਾਰਨਾ ਗਊ ਤੇ ਵੀ ਬੜਾ ਪਾਪ ਹੈ।' ਪ੍ਰਸਿੱਧ ਸਿੱਖ ਚਿੰਤਕ ਸ. ਕਪੂਰ ਸਿੰਘ ਆਈ.ਸੀ.ਐੱਸ. ਦੇ ਕਥਨ ਅਨੁਸਾਰ ਜੇ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਕੌਮ ਲਈ ਕੀਤੇ ਬਾਕੀ ਸਾਰੇ ਕੰਮ ਇੱਕ ਪਾਸੇ ਵੀ ਰੱਖ ਦੇਈਏ ਤਾਂ ਉਨ੍ਹਾਂ ਦਾ ਇਸਤਰੀ ਜਾਤੀ ਦੀ ਬਰਾਬਰੀ ਲਈ ਕੀਤਾ ਕਾਰਜ ਹੀ ਉਨ੍ਹਾਂ ਨੂੰ ਦੁਨੀਆਂ ਦੇ ਮਹਾਨ ਸੁਧਾਰਕਾਂ ਦੀ ਕਤਾਰ ਵਿੱਚ ਖੜ੍ਹਾ ਕਰਦਾ ਹੈ। ਆਪ ਨੇ 22 ਸੂਬਿਆਂ ਵਿੱਚ ਔਰਤ ਬੀਬੀ ਹੁਕਮੀ ਨੂੰ ਵੀ ਸੂਬਾ ਥਾਪਿਆ। ਇਹ ਅਪੂਰਵ ਅਤੇ ਕ੍ਰਾਂਤੀਕਾਰੀ ਕਾਰਜ ਸੀ ਕਿ ਸਮਾਜ ਦਾ ਅੱਧਾ ਭਾਗ ਇਸਤਰੀ ਜਾਤੀ ਜੋ ਆਪਣੇ ਹੀ ਮਰਦ ਪ੍ਰਧਾਨ ਸਮਾਜ ਦੀ ਅਤੇ ਵਹਿਮਾਂ ਭਰਮਾਂ ਅਤੇ ਕੁਰੀਤੀਆਂ ਦੀਆਂ ਜ਼ੰਜੀਰਾਂ ਵਿੱਚ ਘਰ ਦੀ ਚਾਰਦੀਵਾਰੀ ਵਿੱਚ ਕੈਦ ਸੀ, ਉਸਨੂੰ ਬੰਧਨ ਮੁਕਤ ਕਰਕੇ ਆਜ਼ਾਦੀ ਸੰਗਰਾਮ ਦੀ ਭਾਈਵਾਲ ਬਣਾਇਆ।

ਨਾਮਧਾਰੀ ਸਿੰਘਾਂ ਦੁਆਰਾ ਬਰਤਾਨਵੀ ਹਕੂਮਤ ਵਿਰੁੱਧ ਖੁੱਲ੍ਹੀ ਬਗ਼ਾਵਤ ਕਰਨ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਅਤੇ ਆਪ ਦੇ ਮੁਖੀ ਸੂਬਿਆਂ ਨੂੰ ਜਲਾਵਤਨ ਕਰ ਦਿੱਤਾ ਗਿਆ। ਸ੍ਰੀ ਭੈਣੀ ਸਾਹਿਬ ਦੀ ਡਿਓਢੀ ਅੱਗੇ 51 ਵਰ੍ਹੇ ਪੁਲਿਸ ਚੌਂਕੀ ਬੈਠੀ ਰਹੀ। ਸਾਰੇ ਨਾਮਧਾਰੀ ਪੰਥ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ। ਪਰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਉਪਰੰਤ ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੀ ਅਗੁਵਾਈ ਵਿੱਚ ਨਾਮਧਾਰੀ ਸਿੱਖਾਂ ਨੇ ਲਗਾਤਾਰ 1947 ਤੱਕ ਸੰਘਰਸ਼ ਜਾਰੀ ਰੱਖਿਆ ਅਤੇ ਆਜ਼ਾਦੀ ਲਈ ਸੰਘਰਸ਼ਸ਼ੀਲ ਸਾਰੀਆਂ ਜਥੇਬੰਦੀਆਂ ਨੂੰ ਹਰ ਤਰ੍ਹਾਂ ਸਹਿਯੋਗ ਦਿੰਦੇ ਰਹੇ।

ਵਿਰਕ ਜੀ ਤੋਂ ਬਾਅਦ ਮੰਚ ਸੰਚਾਲਕ ਨੇ ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਸਿਰਸਾ ਸ੍ਰੀ ਪ੍ਰਦੀਪ ਕੁਮਾਰ ਜੀ ਨੂੰ ਪੇਸ਼ ਕੀਤਾ। ਅੱਜ ਦੇ ਪ੍ਰੋਗਰਾਮ ਦੀ ਖ਼ੂਬਸੂਰਤੀ ਸੀ ਕਿ ਕੁਝ ਬੁਲਾਰੇ ਹਿੰਦੀ ਵਿੱਚ ਅਤੇ ਕੁਝ ਪੰਜਾਬੀ ਵਿੱਚ ਬੋਲੇ ਕਿਉਂਕਿ ਜ਼ਿਲ੍ਹਾ ਸਿਰਸਾ ਵਿੱਚ ਪੰਜਾਬੀਆਂ ਦੀ ਬਹੁ-ਗਿਣਤੀ ਹੈ। ਇਸ ਕਰਕੇ ਇਸ ਜ਼ਿਲ੍ਹੇ ਦੇ ਹਿੰਦੀ ਭਾਸ਼ੀਆਂ ਲਈ ਪੰਜਾਬੀ ਓਪਰੀ ਨਹੀਂ ਅਤੇ ਪੰਜਾਬੀਆਂ ਲਈ ਹਿੰਦੀ ਭਾਸ਼ਾ ਮਾਂ ਬੋਲੀ ਪੰਜਾਬੀ ਦੀ ਸਕੀ ਭੈਣ ਵਰਗੀ ਹੀ ਲਗਦੀ ਹੈ। ਸ੍ਰੀ ਪ੍ਰਦੀਪ ਕੁਮਾਰ ਜੀ ਨੇ ਆਖਿਆ ਕਿ ਮੈਂ ਇਤਿਹਾਸ ਦੀਆਂ ਪੁਸਤਕਾਂ ਵਿੱਚ ਨਾਮਧਾਰੀ ਸਿੱਖਾਂ ਬਾਰੇ 'ਕੂਕਾ ਅੰਦੋਲਨ' ਬਾਰੇ ਸਕੂਲ ਟਾਈਮ ਵਿੱਚ ਪੜ੍ਹਿਆ ਹੈ, ਪਰ ਉਹ ਬਹੁਤ ਸੰਖੇਪ ਸੀ। ਅੱਜ ਮੈਨੂੰ ਜਾਣਕਾਰੀ ਹੋਈ ਹੈ ਕਿ ਕੂਕਾ ਅੰਦੋਲਨ ਦੀ ਆਜ਼ਾਦੀ ਸੰਗਰਾਮ ਵਿਚ ਮੋਹਰੀ ਭੂਮਿਕਾ ਹੈ। ਹੁਣ ਮੈਂ ਨਾਮਧਾਰੀ ਇਤਿਹਾਸ ਦੀਆਂ ਪੁਸਤਕਾਂ ਪੜ੍ਹਾਂਗਾ। ਭਾਈ ਗੁਰਵਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਅਜਿਹੇ ਸੈਮੀਨਾਰ ਦਾ ਆਯੋਜਨ ਇਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਸਮਾਜ ਸੇਵਾ ਲਈ ਮੇਰੇ ਵੱਲੋਂ, ਪ੍ਰਸ਼ਾਸਨ ਵੱਲੋਂ ਕਿਸੇ ਵੇਲੇ ਵੀ ਲੋੜ ਹੋਵੇ ਅਸੀਂ ਹਮੇਸ਼ਾਂ ਇਸ ਆਸ਼ਰਮ

ਸਹਿਯੋਗੀ ਹੋਵਾਂਗੇ। ਅੱਜ ਦੇ ਸਮਾਗਮ 'ਚ ਟਰੱਸਟ ਵਲੋਂ ਆਏ ਸਾਰੇ ਕਲੱਬਾਂ ਨੂੰ ਡਿਪਟੀ ਕਮਿਸ਼ਨਰ ਸਾਹਿਬ ਤੋਂ ਯਾਦਗਾਰੀ ਚਿੰਨ੍ਹ ਦਵਾ ਕੇ ਸਨਮਾਨਤ ਕੀਤਾ ਗਿਆ। ਇਸ ਆਸ਼ਰਮ ਵਿੱਚ ਕੰਮ ਕਰ ਰਹੇ ਸੇਵਾਦਾਰ ਨਰਸਾਂ-ਡਾਕਟਰਾਂ ਅਤੇ ਸਹਿਯੋਗੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਡੀ. ਸੀ. ਸਾਹਿਬ ਅਤੇ ਮੁੱਖ ਬੁਲਾਰਿਆਂ ਦਾ ਵੀ ਭਾਈ ਕਨ੍ਹੱਈਆ ਟਰੱਸਟ ਵੱਲੋਂ ਆਦਰ ਮਾਣ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਤੋਂ ਆਏ ਸੇਵਕ ਰਛਪਾਲ ਸਿੰਘ ਅਤੇ ਹਰਪਾਲ ਸਿੰਘ ਵੱਲੋਂ ਇਕ ਪੁਸਤਕਾਂ ਦਾ ਸੈੱਟ ਅਤੇ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਯਾਦਗਾਰੀ ਚਿੰਨ੍ਹ ਨਾਲ ਡੀ. ਸੀ. ਸ੍ਰੀ ਪ੍ਰਦੀਪ ਕੁਮਾਰ ਜੀ, ਸ੍ਰੀ ਹਰਭਗਵਾਨ ਚਾਵਲਾ ਅਤੇ ਗੁਰਵਿੰਦਰ ਸਿੰਘ ਉਰਫ਼ ਭਾਈ ਕਨ੍ਹੱਈਆ ਨੂੰ ਸਨਮਾਨ ਭੇਟ ਕੀਤਾ। ਸਾਰੇ ਸਮਾਗਮ ਦੀ ਤਿਆਰੀ ਵਿਚ ਕਰੀਬ ਹਫ਼ਤੇ ਭਰ ਤੋਂ ਦਿਨ-ਰਾਤ ਇੱਕ ਕਰਕੇ ਮਿਹਨਤ ਕਰਨ ਵਾਲੇ ਹਰਦੇਵ ਸਿੰਘ ਸਪੁੱਤਰ ਸੰਤ ਬਰ੍ਹਮਾ ਸਿੰਘ ਅੱਜ ਅਚਾਨਕ ਬਿਮਾਰ ਹੋਣ ਕਰਕੇ ਸਮਾਗਮ ਵਿੱਚ ਹਾਜ਼ਰ ਨਾ ਹੋ ਸਕੇ, ਪਰ ਉਨ੍ਹਾਂ ਦੀ ਮਿਹਨਤ ਸਦਕਾ ਅੱਜ ਦਾ ਸੈਮੀਨਾਰ ਸਫ਼ਲ ਹੋ ਸਕਿਆ। ਉਪਰੋਕਤ ਸ਼ਖ਼ਸੀਅਤਾਂ ਤੋਂ ਬਿਨਾਂ ਸਰਵ ਸ੍ਰੀ ਰਿਸ਼ੀਪਾਲ ਜਿੰਦਲ, ਗੁਰਸ਼ਰਨ ਸਿੰਘ ਕਾਲੜਾ, ਸੰਜੀਵ ਜੈਨ, ਬਲਰਾਜ ਬਾਜਵਾ, ਅਰਜੁਨ ਸ਼ਰਮਾ, ਕਰਨ ਚਾਵਲਾ, ਨਰੇਸ਼ ਸੇਠੀ, ਲਵਪ੍ਰੀਤ ਸਿੰਘ ਅਤੇ ਜਗਸੀਰ ਸਿੰਘ ਆਦਿ ਪਤਵੰਤੇ ਵੀ ਅੱਜ ਦੇ ਸਮਾਗਮ ਦੀ ਸ਼ਾਨ ਸਨ।

**ਹਰਪਾਲ ਸਿੰਘ ਸੇਵਕ**

.......................................................

## ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਸ਼ਤਾਬਦੀ ਦਿਵਸ ਸ੍ਰੀ ਭੈਣੀ ਸਾਹਿਬ ਵਿੱਚ ਮਨਾਇਆ ਗਿਆ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਅੱਜ ਤੋਂ 400 ਸਾਲ ਪਹਿਲਾਂ ਪਿਤਾ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਹੋਇਆ। ਬਚਪਨ ਤੋਂ ਹੀ ਉਨ੍ਹਾਂ ਦਾ ਸੁਭਾਅ ਸਾਧੂ ਬਿਰਤੀ ਵਾਲਾ ਸੀ। ਗੁਰੂ ਜੀ ਸਾਦਗੀ ਦੀ ਮੂਰਤ ਸਨ।

1 ਮਈ 2021 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਕੋਰੋਨਾ ਹਦਾਇਤਾਂ ਕਰਕੇ ਬਾਹਰੋਂ ਸੰਗਤ ਬਹੁਤ ਘੱਟ ਆਈ। ਸਤਿਗੁਰੂ ਜੀ ਵੀ ਇਹਨੀਂ ਦਿਨੀਂ ਬੰਗਲੌਰ ਹਨ। ਇਹ ਸਾਰਾ ਪ੍ਰਗਰਾਮ ਲਾਈਵ ਚੱਲਿਆ। ਸਤਿਗੁਰੂ ਜੀ ਨੇ ਵੀ ਲਾਈਵ ਦਰਸ਼ਨ ਦਿੱਤੇ। ਸ੍ਰੀ ਭੈਣੀ ਸਾਹਿਬ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਜੀ ਤੇ ਸਾਥੀ ਰਾਗੀ ਸਿੰਘਾਂ ਨੇ ਗਾਇਨ ਕੀਤਾ। ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਦਿਹਾੜੇ ਨਾਲ ਸਬੰਧਤ ਸ਼ਬਦ ਗਾਇਨ ਕੀਤੇ।

ਉਪਰੰਤ **ਗੁਰਲਾਲ ਸਿੰਘ** ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਦਿਹਾੜੇ 'ਤੇ ਬੋਲਦਿਆਂ ਹੋਇਆ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਆਪਣੇ 6 ਭੈਣ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਆਪ ਦੇ ਅਵਤਾਰ ਸਮੇਂ ਗੁਰੂ ਹਰਿਗੋਬਿੰਦ ਜੀ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਜਦੋਂ ਆਪ ਜੀ ਨੇ ਨਵੇਂ ਬਾਲਕ ਦਾ ਮੁੱਖ ਦੇਖਿਆ ਤਾਂ ਨਮਸਕਾਰ ਕੀਤੀ। ਜਿਸ ਤੇ ਬਾਬਾ ਬੁੱਢਾ ਜੀ ਨੇ ਪੁੱਛਿਆ ਆਪ ਜੀ ਨੇ ਬਾਲਕ ਨੂੰ ਸਿਰ ਕਿਉਂ ਨਿਵਾਇਆ ਤਾਂ ਗੁਰੂ ਜੀ ਨੇ ਉਤਰ ਦਿੱਤਾ ਕਿ ਇਹ ਬਾਲਕ ਧਰਤੀ ਉਤੇ 'ਧਰਮ ਦੀ ਚਾਦਰ' ਬਣੇਗਾ।

ਦੁਪਹਿਰ 12 ਤੋਂ 1 ਵਜੇ ਤੱਕ **ਕਵੀਸ਼ਰ ਗੁਰਸੇਵਕ ਸਿੰਘ** ਅਤੇ ਉਹਨਾਂ ਦੇ ਸਾਥੀਆਂ ਮੱਲ ਸਿੰਘ, ਗੁਰਮੀਤ ਸਿੰਘ ਤੇ ਗੰਗਾ ਸਿੰਘ ਨੇ ਛੰਦਾ ਬੰਦੀ ਦੇ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਦਾ ਪ੍ਰਸੰਗ ਸੁਣਾਇਆ।

ਉਪਰੰਤ 1 ਤੋਂ 2 ਵਜੇ ਤੱਕ **ਜਥੇਦਾਰ ਕਮਾਲ ਸਿੰਘ** ਨੇ ਨਾਮਧਾਰੀ ਦੀਵਾਨਾਂ ਦੀ ਪੁਰਾਤਨ ਸ਼ੈਲੀ ਢੋਲਕੀ ਛੈਣਿਆਂ ਨਾਲ ਗੁਰੂ ਤੇਗ ਬਹਾਦਰ ਜੀ ਦੇ ਕੀਤੇ ਪਰਉਪਕਾਰਾਂ ਨੂੰ ਵਿਸਥਾਰ ਨਾਲ ਦੱਸਿਆ।

2 ਤੋਂ 3 ਵਜੇ ਤੱਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸੁਣਦਿਆਂ ਸੰਗਤ ਨੇ ਨਿਤਨੇਮ ਕੀਤਾ। ਉਪਰੰਤ ਹਜ਼ੂਰੀ ਰਾਗੀਆਂ ਨੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਦਿਨ ਦੀ ਉਸਤਤ ਵਿੱਚ ਸ਼ਬਦ ਗਾਇਨ ਕੀਤਾ। ਸ਼ਬਦ ਸੀ-

**ਧੰਨੁ ਧੰਨੁ ਧੰਨੁ ਜਨੁ ਆਇਆ॥**
**ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥**

ਉਪਰੰਤ ਸਮਾਪਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ।

**ਗੁਰਦੇਵ ਸਿੰਘ ਚੀਮਾ**

.......................................................

## ਅਲਵਿਦਾ! ਸੰਗੀਤਕਾਰ ਦੇਬੂ ਚੌਧਰੀ



ਮਹਾਨ ਸਿਤਾਰ ਵਾਦਕ ਪਦਮ ਵਿਭੂਸ਼ਣ ਅਤੇ ਸੰਗੀਤ ਨਾਟਕ ਅਕੈਡਮੀ ਐਵਾਰਡ ਨਾਲ ਸਨਮਾਨਤ ਦੇਬੂ ਚੌਧਰੀ ਦਾ ਦੇਹਾਂਤ 1 ਮਈ 2021 ਨੂੰ ਦਿੱਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਹੋ ਗਿਆ। ਦੇਬੂ ਚੌਧਰੀ ਕਰੋਨਾ ਦੀ ਬੀਮਾਰੀ ਨਾਲ ਗ੍ਰਸਤ ਸਨ। ਇਸ ਕਰਕੇ ਉਨ੍ਹਾਂ ਨੂੰ ਦਿੱਲੀ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਪਰ ਪਿਛਲੇ ਦਿਨੀਂ ਉਨ੍ਹਾਂ ਦਾ ਦੇਹਾਂਤ ਹੋਇਆ।

ਦੇਬੂ ਚੌਧਰੀ ਦਾ ਪੂਰਾ ਨਾਮ ਦੇਬਬਰਤਾ ਚੌਧਰੀ ਸੀ ਪਰ ਸੰਗੀਤ ਜਗਤ ਵਿੱਚ ਉਨ੍ਹਾਂ ਦੀ ਪਛਾਣ ਪੰਡਤ ਦੇਬੂ ਚੌਧਰੀ ਦੇ ਨਾਲ ਹੀ ਪ੍ਰਸਿੱਧ ਹੋਈ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨਾਲ ਪੂਰੇ ਸੰਗੀਤ ਜਗਤ ਵਿੱਚ ਸ਼ੋਕ ਦੀ ਲਹਿਰ ਫੈਲ ਗਈ। ਉਨ੍ਹਾਂ ਦੇ ਜਾਣ ਨਾਲ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। 'ਅਦਾਰਾ ਸਤਿਜੁਗ' ਆਪਣੇ ਵੱਲੋਂ ਮਹਾਨ ਸੰਗੀਤਕਾਰ ਪੰਡਿਤ ਦੇਬੂ ਚੌਧਰੀ ਨੂੰ ਸ਼ਰਧਾਂਜਲੀ ਸੁਮਨ ਭੇਟ ਕਰਦਾ ਹੈ।

**ਗੁਰਭਗਤ ਸਿੰਘ**

---

## ਉਰਦੂ ਦੇ ਪ੍ਰਸਿੱਧ ਆਲੋਚਕ ਸ਼ਮੀਮ ਹਨਫ਼ੀ ਨਹੀਂ ਰਹੇ

ਸ਼ਮੀਮ ਹਨਫ਼ੀ ਦਾ ਨਾਂ ਉਰਦੂ ਆਲੋਚਨਾ ਖੇਤਰ ਵਿੱਚ ਪਹਿਲੀ ਕਤਾਰ ਦੇ ਲੋਕਾਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ। ਜਿਨ੍ਹਾਂ ਦਾ ਅਸਲ ਨਾਂ ਮੁਹੰਮਦ ਸ਼ਮੀਮ ਹਨਫ਼ੀ ਅਤੇ ਪੈਦਾਇਸ਼ 17 ਮਈ 1939 ਨੂੰ ਸੁਲਤਾਨਪੁਰ ਯੂ.ਪੀ. ਵਿਖੇ ਹੋਇਆ। ਸ਼ਮੀਮ ਕਿੱਤੇ ਵਜੋਂ ਬਤੌਰ ਉਰਦੂ ਅਧਿਆਪਕ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦਿੱਲੀ ਵਿੱਚੋਂ ਸੇਵਾਮੁਕਤ ਹੋਏ ਅਤੇ ਆਪ ਨੇ ਕਈ ਸਾਲ ਤੱਕ ਰਸਾਲੇ 'ਜਾਮਿਆ' ਦਾ ਵੀ ਸੰਪਾਦਨ ਕੀਤਾ।



ਸ਼ਮੀਮ ਹਨਫ਼ੀ ਹੁਰਾਂ ਦੇ ਜੇ ਕਿਤਾਬੀ ਫ਼ਹਿਰਿਸਤ ਤੇ ਨਜ਼ਰ ਮਾਰੀਏ ਤਾਂ ਕਈ ਸ਼ੇਅਰੀ ਰਵਾਇਤ, ਤਾਰੀਖ਼ ਤਹਜ਼ੀਬ ਔਰ ਤਖ਼ਲੀਕੀ ਤਜਰਬਾ, ਉਰਦੂ ਕਲਚਰ ਔਰ ਤਕਸੀਮ ਕੀ ਰਿਵਾਇਤ, ਖ਼ਯਾਲ ਕੀ ਮੁਸਾਫ਼ਤ, ਕਾਰੀ ਸੇ ਮੁਕਾਲਮਾ, ਜਦੀਦੀਅਤ ਕੀ ਫ਼ਲਸਫ਼ਿਆਨਾ ਅਸਾਸ ਅਤੇ ਹੋਰ 20 ਦੇ ਕਰੀਬ ਤਨਕੀਦ (ਆਲੋਚਨਾ) ਦੀਆਂ ਕਿਤਾਬਾਂ, ਇਕ ਸ਼ਾਇਰੀ ਮਜਮੂਆ- ਆਖ਼ਰੀ ਪਹਿਰ ਕੀ ਦਸਤਕ, ਚਾਰ ਨਾਟਕ, ਇਸ ਤੋਂ ਇਲਾਵਾ ਕੁਝ ਬਾਲ ਸਾਹਿਤ ਅਤੇ ਤਰਜਮੇ ਦੀਆਂ ਕਿਤਾਬਾਂ ਸ਼ਾਮਲ ਹਨ। ਪਿਛਲੇ ਦਿਨੀਂ 6 ਮਈ 2021 ਨੂੰ ਦਿੱਲੀ ਵਿਖੇ ਸਾਨੂੰ ਅਲਵਿਦਾ ਕਹਿ ਗਏ ਹਨ। ਸ਼ਮੀਮ ਸਾਹਬ ਦੀ ਲਾ-ਜ਼ਵਾਲ ਹਸਤੀ ਅਤੇ ਲਾ-ਜ਼ਵਾਲ ਦੇਣ ਨੂੰ ਅਦਬ ਦੇ ਖੇਤਰ ਵਿੱਚ ਹਮੇਸ਼ਾਂ ਯਾਦ ਕੀਤਾ ਜਾਵੇਗਾ।

**ਮਾਲਵਿੰਦਰ ਮਾਨ**

---

ਦੋ ਪੰਜਾਬੀ ਨੌਜਵਾਨ ਮਨਜਿੰਦਰ ਸਿੰਘ ਰੰਧਾਵਾ ਅਤੇ ਸੁਖਜਿੰਦਰ ਸਿੰਘ ਗਿੱਲ ਨੇ ਭਾਰਤ ਦੇ ਵੱਖ-ਵੱਖ ਰਾਜਾਂ ਦਾ 19000 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਇਹ ਯਾਤਰਾ ਉਹਨਾਂ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕੀਤੀ।

(ਵਧੇਰੇ ਜਾਣਕਾਰੀ ਲਈ ਸਫ਼ਾ ਨੰ 14 'ਤੇ ਪੜ੍ਹੋ)

















Date of Publication: 26-05-2021,
Date of Posting: 27-28 May. 2021

RNI NO. 55658/93




- 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.